





People's Herald | Rs- 100/month | People's Herald



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

“Equality and Justice” स्वतंत्रता, समानता, भाईचारा

PATIALA On line paper **06 ਅਗਸਤ 2025 ਬੁੱਧਵਾਰ “ਰੋਜ਼ਾਨਾ” ਸਾਲ ਚੌਥਾ** w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ


ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

# ਪੰਜਾਬ ਸੰਭਾਲੋ ਮੁਹਿੰਮ ਜਾਬਰ ਹਾਕਮਾਂ ਦੀਆਂ ਜੜ੍ਹਾਂ ਉਖਾੜ ਕੇ ਸੁੱਟ ਦੇਵੇਗੀ- ਡਾਕਟਰ ਅਵਤਾਰ ਸਿੰਘ ਕਰੀਮਪੁਰੀ

## 15 ਅਗਸਤ ਨੂੰ ਦਾਣਾ ਮੰਡੀ ਪਟਿਆਲਾ ਪਹੁੰਚਣ ਦਾ ਸੱਦਾ -ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com

ਪਟਿਆਲਾ ਜਗਤਾਰ ਸਿੰਘ ਰੇੜ੍ਹੇਵਾਲ -- ਬਹੁਜਨ ਸਮਾਜ ਪਾਰਟੀ ਵਲੋਂ 15 ਅਗਸਤ ਦਾਣਾ ਮੰਡੀ ਪਟਿਆਲਾ ਵਿਖੇ ਪੰਜਾਬ ਸੰਭਾਲੋ ਮੁਹਿੰਮ ਤਹਿਤ ਤੇ ਜਾਬਰ ਹਾਕਮਾਂ ਖ਼ਿਲਾਫ਼ ਕੀਤੀ ਜਾ ਰਹੀ ਜਿਲਾ ਪੱਧਰੀ ਰੈਲੀ, ਧਰਨਾ ਪ੍ਰਦਰਸ਼ਨ “ਇਹ ਕੈਸੀ ਅਜ਼ਾਦੀ” ਦੀਆਂ ਤਿਆਰੀਆਂ ਸਬੰਧੀ ਕਸਬਾ ਬਹਾਦਰਗੜ੍ਹ ਵਿਖੇ ਮੀਟਿੰਗ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਗਤਾਰ ਸਿੰਘ ਭੱਟੀ ਮੀਡੀਆ ਇੰਚਾਰਜ ਜਿਲਾ ਪਟਿਆਲਾ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਵਜੋਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਸਪਾ ਪੰਜਾਬ ਪਹੁੰਚੇ ਅਤੇ ਮੀਟਿੰਗ ਵਿੱਚ ਹਾਜ਼ਰ ਅਹੁਦੇਦਾਰਾਂ ਤੇ ਵਰਕਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਆਪਣੇ ਸੰਬੋਧਨ ਵਿਚ ਕਿਹਾ ਕਿ ਮੇਰੇ ਤੋਂ ਪਹਿਲਾਂ ਬਸਪਾ ਲੀਡਰਸ਼ਿਪ ਨੇ ਤੁਹਾਡੇ ਨਾਲ ਵਿਚਾਰ ਸਾਂਝੇ ਕੀਤੇ ਅਤੇ ਲੋਕਲ ਮੁੱਦਿਆਂ ਤੋਂ ਤੂਹਾਨੂੰ ਯਾਦ ਕਰਵਾਇਆ। ਅੱਜ ਜੋ ਵਿਧਾਨ ਸਭਾ ਹਲਕਾ ਸਨੌਰ ਦੀ ਜੋ ਮੀਟਿੰਗ ਬੁਲਾਈ ਗਈ ਹੈ ਇਸ ਦਾ ਮਕਸਦ ਕੀ ਪਟਿਆਲਾ ਜਿਲਾ ਹਮੇਸ਼ਾ ਸਰਕਾਰੀ ਜਬਰ ਦਾ ਸ਼ਿਕਾਰ ਰਿਹਾ ਕਾਂਗਰਸ ਦੇ ਮੁੱਖ ਮੰਤਰੀ ਵੇਲੇ ਛੋਟਾ ਕਿਸਾਨ, ਦੁਕਾਨਦਾਰ, ਛੋਟੇ ਕਿਸਾਨ ਵਪਾਰੀ ਮਜ਼ਦੂਰ ਉਸ ਵਕਤ ਵੀ ਉਸ ਨੂੰ ਜ਼ਬਰ ਝੱਲਣਾ ਪਿਆ ਹੁਣ ਆਮ ਆਦਮੀ ਦੀ ਸਰਕਾਰ ਵੇਲੇ ਵੀ ਤੁਹਾਨੂੰ ਸਰਕਾਰੀ ਜ਼ਬਰ ਝੱਲਣਾ ਪੈ ਰਿਹਾ ਹੈ। ਹੁਣ ਆਮ ਆਦਮੀ ਵੀ ਸਮਝ ਚੁੱਕਾ ਹੈ ਕਿ ਕਾਂਗਰਸ ਪਾਰਟੀ, ਅਕਾਲੀ, ਬੀਜੇਪੀ ਤੇ ਆਮ ਆਦਮੀ ਪਾਰਟੀ ਵਿਚ ਕੋਈ ਅੰਤਰ ਨਹੀਂ ਹੈ। ਜਿਹੜੇ ਪਾਪ ਦੂਜੀਆਂ ਪਾਰਟੀਆਂ ਕਰਦੀ ਸੀ ਉਹ ਪਾਪ ਹੁਣ ਆਪ ਪਾਰਟੀ ਨੇ ਸ਼ੁਰੂ ਕਰ ਦਿੱਤੇ। ਪਟਿਆਲਾ ਜ਼ਿਲ੍ਹੇ ਦੇ ਪਿੰਡ ਬਠੋਈ ਕਲਾਂ ਜਿਥੇ ਸਰਕਾਰ ਦੀ ਜ਼ਮੀਨ 600 ਏਕੜ ਤੇ ਲੈਂਡ ਮਾਫੀਆ ਨੇ ਕਬਜ਼ਾ ਕੀਤਾ ਹੋਇਆ ਹੈ ਉਸ ਤੋਂ ਨਜਾਇਜ ਕਬਜ਼ਾ ਛੁਡਾਉਣਾਂ ਸਰਕਾਰ ਦੀ ਜ਼ਿੰਮੇਵਾਰੀ ਹੈ।ਇਸ ਦੀ ਜਿੰਮੇਵਾਰੀ ਨਿਭਾਈ ਕਿਰਤੀ ਕਾਮਿਆਂ ਨੇ ਉਨ੍ਹਾਂ ਨੇ ਕੋਰਟਾਂ ਚੋਂ ਕੇਸ ਜਿੱਤਣ ਤੋਂ ਬਾਅਦ 95 ਏਕੜ ਪੰਚਾਇਤੀ ਸ਼ਾਮਲਾਤ ਜ਼ਮੀਨ ਦੀ ਬੋਲੀ ਬੀ ਡੀ ਪੀ ਓ ਨੇ ਕਰਵਾਈ ਗਰੀਬ ਵਲੋਂ ਬੋਲੀ ਹੋਣ ਤੇ ਗਰੀਬ, ਦਲਿਤਾਂ, ਪੱਛੜਿਆਂ ਨੇ 11 ਲੱਖ 50 ਹਜ਼ਾਰ ਰੁਪਏ ਸਰਕਾਰ ਕੋਲ ਜਮ੍ਹਾਂ ਕਰਵਾਉਣ ਤੋਂ ਬਾਅਦ ਵੀ ਉਹਨਾਂ ਨੂੰ ਕਬਜ਼ਾ ਨਹੀਂ ਲੈ ਕੇ ਦਿੱਤਾ। ਗਰੀਬਾਂ ਨੂੰ ਜ਼ਮੀਨ ਦਾ ਕਬਜ਼ਾ ਤਾਂ ਕੀ ਮਿਲਣਾ ਸੀ ਲੈਂਡ ਮਾਫੀਏ ਨੇ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟਿਆ। ਭਗਵੰਤ ਮਾਨ ਸਰਕਾਰ ਦੀ ਜ਼ਮੀਨ ਤੇ ਕਬਜ਼ਾ ਕਰਨ ਵਾਲੇ ਇੱਕ ਵੀ ਵਿਅਕਤੀ ਨੂੰ ਗਿਰਫ਼ਤਾਰ ਨਹੀਂ ਕਰ ਸਕਿਆ।ਆਮ ਆਦਮੀ ਪਾਰਟੀ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਲੈਂਡ ਮਾਫੀਏ ਦੀ ਪਿੱਠ ਥਾਪੜ ਰਹੀ ਹੈ।ਇਹ ਸਰਕਾਰ ਅਤੇ ਪ੍ਰਸ਼ਾਸਨ ਦੀ ਅਣਗਿਹਲੀ ਨੂੰ ਬਸਪਾ ਬਰਦਾਸ਼ਤ ਨਹੀਂ ਕਰੇਗੀ। ਬਹੁਜਨ ਸਮਾਜ ਪਾਰਟੀ ਨੇ ਮਹਿਸੂਸ ਕੀਤਾ ਕਿ ਲੋਕਾਂ ਵਿਚ ਜਾ ਕੇ ਸਰਕਾਰ ਦਾ ਇਹ ਪੱਖ ਲੋਕਾਂ ਵਿਚ ਰੱਖਣਾ ਚਾਹੀਦਾ ਹੈ ਇਸ ਤਰ੍ਹਾਂ ਹੀ ਲੋਹਾ ਖੇੜੀ ਦੇ ਵਿਚ ਵੀ ਜ਼ਮੀਨ ਦੇ ਪੈਸੇ ਭਰਵਾ ਲਏ ਪਰ ਇੱਕ ਮਰਲੇ ਜ਼ਮੀਨ ਦਾ ਕਬਜ਼ਾ ਨਹੀਂ ਲੈ ਕੇ ਦਿੱਤਾ। ਕੀ ਕਾਰਨ ਹੈ। ਫ਼ਰਕ ਤੁਸੀਂ ਦੇਖਣਾ ਹੈ ਭੈਣ ਕੁਮਾਰੀ ਮਾਇਆਵਤੀ ਜੀ ਯੂ ਪੀ ਵਿੱਚ ਮੁੱਖ ਮੰਤਰੀ ਬਣੇ ਉਨ੍ਹਾਂ ਵੱਲੋਂ ਬਹੁਜਨ ਸਮਾਜ ਪਾਰਟੀ ਦਾ ਨਾਹਰ “ਜੋ ਜ਼ਮੀਨ ਸਰਕਾਰੀ ਹੈ ਉਹ ਜ਼ਮੀਨ ਹਮਾਰੀ ਹੈ “ ਉਸ ਤੇ ਅਮਲ ਕਰਦਿਆਂ ਲੱਖਾਂ ਏਕੜ ਜ਼ਮੀਨ ਗਰੀਬਾਂ ਨੂੰ ਮੁਫ਼ਤ ਵੰਡੀ।ਐਥੇ ਪੈਸੇ ਭਰਨ ਤੇ ਵੀ ਜ਼ਮੀਨ ਨਹੀਂ ਮਿਲਦੀ।ਇਸ ਕਰਕੇ ਉੱਠੋ ਜਾਗੋ ਡੰਡੇ ਮਾਰਨ ਵਾਲਿਆਂ ਦੇ ਖਿਲਾਫ ਡੰਡੇ ਵਿੱਚ ਨੀਲਾ ਝੰਡਾ ਪਾ ਕੇ ਖੜ੍ਹੇ ਹੋ ਜਾਵੇ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਤੇ ਭਰੋਸਾ ਦਿਵਾਉਂਦਾ ਹਾਂ ਕਿ ਸਰਕਾਰ ਕੋਲ 9 ਲੱਖ ਏਕੜ ਸਰਕਾਰੀ ਜ਼ਮੀਨ ਪਈ ਹੈ ਤੁਸੀਂ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣੋ ਜਿਸ ਤਰ੍ਹਾਂ ਭੈਣ ਕੁਮਾਰੀ ਮਾਇਆਵਤੀ ਨੇ ਯੂ ਪੀ ਵਿੱਚ ਲੋਕਾਂ ਨੂੰ ਜ਼ਮੀਨ ਮੁਫ਼ਤ ਦਿੱਤੀ ਹੈ ਬਸਪਾ ਉਸੇ ਤਰ੍ਹਾਂ ਤੁਹਾਨੂੰ ਬੇਜ਼ਮੀਨੇ ਲੋਕਾਂ ਨੂੰ ਜ਼ਮੀਨ ਮੁਫ਼ਤ ਦੇਣ ਦਾ ਕੰਮ ਕਰੇਗੀ। ਰੂੜੀਆਂ ਦੀ ਜਗ੍ਹਾ ਤੇ ਵੀ ਐਮ ਐਲ ਏ ਨੇ ਕਬਜ਼ਾ ਕਰ ਰੱਖਿਆ। ਸਿਆਲੂ ਪਿੰਡ ਵਿੱਚ ਮੜੀਆਂ ਦੀ ਜਗ੍ਹਾ ਤੇ ਵੀ ਐਮ ਐਲ ਏ ਦੀ ਸਹਿ ਤੇ ਲੈਂਡ ਮਾਫੀਆ ਨੇ ਕਬਜ਼ਾ ਕਰ ਲਿਆ।ਜਿਹੜਾ ਮਨੂਵਾਦੀ ਮੀਡੀਆ ਬਸਪਾ ਦਾ ਨਾਮ ਤੱਕ ਨਹੀਂ ਲੈਂਦਾ ਸੀ ਉਹ ਵੀ ਕਹਿ ਰਿਹਾ ਕਿ 2027 ਵਿੱਚ ਪੰਜਾਬ ਵਿੱਚ ਬਸਪਾ ਸਰਕਾਰ ਬਣਾਏਗੀ। ਅਸੀਂ 15 ਅਗਸਤ ਦਾ ਦਿਨ ਚੁਣਿਆ ਕਿ ਪਿਛਲੇ 78 ਸਾਲਾਂ ਤੋਂ ਆਜ਼ਾਦੀ ਦਾ ਜਸ਼ਨ ਮਨਾਉਣ ਵਾਲਿਓ ਕਿ ਆਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਣ ਵਾਲਿਆਂ ਨੇ ਇਹੋ ਜਿਹੀ ਅਜ਼ਾਦੀ ਦਾ ਸੁਫਨਾ ਲਿਆ ਸੀ। ਕੀ ਲੱਖਾਂ ਲੋਕਾਂ ਆਜ਼ਾਦੀ ਲਈ ਸ਼ਹੀਦ ਹੋਏ ਕੀ ਉਨ੍ਹਾਂ ਦਾ ਮਕਸਦ ਪੂਰਾ ਹੋ ਗਿਆ ਜਿਸ ਲਈ ਉਨ੍ਹਾਂ ਜਾਨਾਂ ਵਾਰੀਆਂ। ਜਦੋਂ ਬਸਪਾ ਦੀ ਸਰਕਾਰ ਆਏਗੀ ਤਾਂ 25 ਕਰੋੜ ਸੜਕਾਂ ਦੇ ਕੰਢਿਆਂ ਤੇ ਰਹਿਣ ਵਾਲੇ ਲੋਕਾਂ ਦੇ ਰਹਿਣ ਦਾ ਪ੍ਰਬੰਧ ਬਸਪਾ ਕਰੇਗੀ।ਆਓ 15 ਅਗਸਤ ਨੂੰ ਬਸਪਾ ਵਲੋਂ ਪਟਿਆਲਾ ਦੀ ਦਾਣਾ ਮੰਡੀ ਵਿੱਚ ਕੀਤੀ ਜਾ ਰਹੀ ਰੈਲੀ ਵਿਚ ਕਾਫ਼ਲੇ ਬਣਾ ਕੇ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਬਚਾਉਣ ਲਈ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣੀਏ।





ਇਸ ਮੌਕੇ ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ, ਜੋਗਾ ਸਿੰਘ ਪਨੋਦੀਆਂ ਸੂਬਾ ਜਨਰਲ ਸਕੱਤਰ, ਜਗਜੀਤ ਸਿੰਘ ਛੜਬੜ ਸੂਬਾ ਜਨਰਲ ਸਕੱਤਰ ਲੈਕਚਰਾਰ ਅਮਰਜੀਤ ਸਿੰਘ ਜਲੂਰ ਜੋਨ ਇੰਚਾਰਜ ਪਟਿਆਲਾ, ਹਰਦੀਪ ਸਿੰਘ ਚੁੰਬਰ ਪ੍ਰਧਾਨ ਬਾਮਸੇਫ ਜੋਨ ਇੰਚਾਰਜ ਪਟਿਆਲਾ, ਮੇਜ਼ਰ ਸਿੰਘ ਟਿੱਬੀ ਪ੍ਰਧਾਨ ਜਿਲਾ ਪਟਿਆਲਾ, ਅੰਗਰੇਜ਼ ਸਿੰਘ ਬਹਾਦਰਗੜ੍ਹ ਇੰਚਾਰਜ ਹਲਕਾ ਸਨੌਰ, ਹਰਦੀਪ ਸਿੰਘ ਧਾਲੀਵਾਲ ਪ੍ਰਧਾਨ ਹਲਕਾ ਸਨੌਰ, ਜਰਨੈਲ ਸਿੰਘ ਸਵਾਜਪੁਰ, ਰਾਮਲਾਲ ਰਾਠੀਆਂ ਜਿਲਾ ਮੀਤ ਪ੍ਰਧਾਨ, ਐਡਵੋਕੇਟ ਜਸਪਾਲ ਸਿੰਘ ਆਦਿ ਨੇ ਮੀਟਿੰਗ ਨੂੰ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਬਹਾਦਰਗੜ੍ਹ ਜਿਲਾ ਕੈਸ਼ੀਅਰ, ਗੁਰਦਾਸ ਸਿੰਘ ਘੜਾਮਾ, ਸੁਖਵਿੰਦਰ ਸਿੰਘ ਤੇਪਲਾ ਪ੍ਰਧਾਨ ਘਨੌਰ, ਰਾਮਸਰੂਪ ਬਹਾਦਰਗੜ੍ਹ,ਅਮਰ ਸਿੰਘ ਸੈਂਪਲਾ, ਜਗਤਾਰ ਸਿੰਘ ਬਹਾਦਰਗੜ੍ਹ ,ਜਰਨੈਲ ਸਿੰਘ ਮੀਤ ਪ੍ਰਧਾਨ ਸਨੌਰ,ਸਿਓ ਰਾਮ, ਕਰਮਜੀਤ ਮਿਹੋਣ, ਕੁਲਦੀਪ ਸਿੰਘ ਸੁਹਰੋਂ ਆਦਿ ਵੱਡੀ ਗਿਣਤੀ ਬਸਪਾ ਵਰਕਰ ਮੌਂਜੂਦ ਸਨ।

# ਪੰਜਾਬ ਦੀ ਸੱਤਾ ਦਾ ਕੇਂਦਰ ਬਣਨ ਵੱਲ ਵਧਦੇ ਬਸਪਾ ਦੇ ਕਦਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ )ਜੇਕਰ 403 ਵਿਧਾਨਸਭਾ ਸੀਟਾਂ ਵਾਲੇ ਦੇਸ਼ ਦੇ ਸਭ ਤੋਂ ਵੱਡੇ ਸੂਬੇ (ਸੀਟਾਂ ਮੁਤਾਬਕ) ਉੱਤਰ ਪ੍ਰਦੇਸ਼ ਵਿੱਚ ਬਸਪਾ ਚਾਰ-ਚਾਰ ਵਾਰ ਸਰਕਾਰ ਬਣਾ ਸਕਦੀ ਹੈ ਤਾਂ 117 ਵਿਧਾਨਸਭਾ ਸੀਟਾਂ ਵਾਲੇ ਪੰਜਾਬ ਵਿੱਚ ਵੀ ਯਕੀਨੀ ਤੌਰ ‘ਤੇ ਬਸਪਾ ਸਰਕਾਰ ਬਣ ਸਕਦੀ ਹੈ।

ਮੌਜ਼ੂਦਾ ਸਿਆਸੀ ਉੱਥਲ-ਪੁੱਥਲ ਵਿੱਚੋਂ ਲੰਘ ਰਿਹਾ ਪੰਜਾਬ ਬਸਪਾ ਲਈ ਸੰਭਾਵਨਾਵਾਂ ਨਾਲ ਭਰਿਆ ਪਿਆ ਹੈ। ਅੱਜ ਬਸਪਾ ਦੀ ਵਿਧਾਨਸਭਾ ਵਿੱਚ ਮੌਜ਼ੂਦਗੀ ਹੈ। ਕਰੀਬ 20 ਸਾਲਾਂ ਬਾਅਦ ਬਸਪਾ ਨਗਰ ਨਿਗਮ ਵਿੱਚ ਸੀਨੀਅਰ ਡਿਪਟੀ ਮੇਅਰ, ਨਗਰ ਕੌਂਸਲ ਵਿੱਚ ਸੀਨੀਅਰ ਵਾਈਸ ਪ੍ਰੈਸੀਡੈਂਟ ਵਰਗੀਆਂ ਪੋਸਟਾਂ ‘ਤੇ ਕਾਬਿਜ਼ ਹੋਣ ਵਿੱਚ ਸਫਲ ਰਹੀ ਹੈ। ਅੱਜ ਬਸਪਾ ਦੇ ਕੌਂਸਲਰਾਂ, ਸਰਪੰਚਾਂ-ਪੰਚਾਂ, ਬਲਾਕ ਸੰਮਤੀ ਮੈਂਬਰਾਂ ਦੀ ਦੀ ਭਰਮਾਰ ਹੈ।

ਬਸਪਾ ਦੀ ‘ਪੰਜਾਬ ਸੰਭਾਲੋ’ ਮੁਹਿੰਮ ਨਾਲ ਰਿਟਾ. ਆਈ.ਏ.ਐਸ., ਆ ਈ . ਪੀ . ਐ ਸ . , ਆਈ.ਐਫ.ਐਸ. ਅਫ਼ਸਰਾਂ ਦਾ ਜੁੜਨਾ, ਮਾਝੇ ਦੀ ਸਮੁੱਚੀ ਲੋਕ ਇਨਸਾਫ਼ ਪਾਰਟੀ ਦੀ ਲੀਡਰਸ਼ਿਪ ਦਾ ਬਸਪਾ ਵਿੱਚ ਸ਼ਾਮਿਲ ਹੋਣਾ, ਕਿਸਾਨ ਜੱਥੇਬੰਦੀਆਂ ਦਾ ਕਿਸਾਨੀ ਮੁੱਦਿਆਂ ‘ਤੇ ਬਸਪਾ ਨਾਲ ਰੂਬਰੂ ਹੋਣਾ, ਬਸਪਾ ਵੱਲੋਂ ਪੰਜਾਬ ਦੇ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਚੁੱਕਣਾ ਤੇ ਉਸਦਾ ਅਸਰ ਹੋਣਾ..... ਇਹ ਸਭ ਸਮੀਕਰਣ ਬਸਪਾ ਦੇ ਵੱਧਦੇ ਪ੍ਰਭਾਵ ਨੂੰ ਦਰਸਾ ਰਹੇ ਹਨ।




ਪੰਜਾਬ ਦੀ ਸਿਆਸੀ ਉੱਥਲ-ਪੁੱਥਲ ਵਿਚਕਾਰ ਬਸਪਾ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਜਾ ਰਹੀ ਹੈ। 2027 ਵਿੱਚ ਯਕੀਨੀ ਤੌਰ ‘ਤੇ ਬਸਪਾ ਪੰਜਾਬ ਦੀ ਸੱਤਾ ਦੇ ਕੇਂਦਰ ਵਿੱਚ ਹੋਵੇਗੀ ਤੇ ਹਾਥੀ ਦੀ ਤਾਕਤ ਸੂਬੇ ਦੀ ਵਿਧਾਨਸਭਾ ਵਿੱਚ ਦਿਖਾਈ ਦੇਵੇਗੀ।

ਰਾਕੇਸ਼ ਭਾਰਤੀ

# 1.27 ਕਰੋੜ ਲਾਭਪਾਤਰੀਆਂ ਦੀ E-KYC ਪ੍ਰਕਿਰਿਆ ਮੁਕੰਮਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com

ਸੂਬੇ ਵਿੱਚ ਈ-ਕੇਵਾਈਸੀ ਪ੍ਰਕਿਰਿਆ ਵਿੱਚ ਨਿਯਮਿਤ ਤੌਰ ਤੇ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ ਅਤੇ ਹੁਣ ਤੱਕ 1,27, 84000 (1.27 ਕਰੋੜ) ਲਾਭਪਾਤਰੀਆਂ ਲਈ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਇਸ ਸਬੰਧ ਵਿੱਚ ਮਾਨਸਾ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਕ੍ਰਮਵਾਰ ਸਿਖ਼ਰਲੇ 3 ਸਥਾਨਾਂ ’ਤੇ ਹਨ। ਅੱਜ ਇੱਥੇ ਅਨਾਜ ਭਵਨ ਵਿਖੇ ਹੋਈ ਸਮੀਖਿਆ ਮੀਟਿੰਗ ਵਿੱਚ, ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਈ-ਕੇਵਾਈਸੀ ਪ੍ਰਕਿਰਿਆ ਸੰਬੰਧੀ ਨਵੀਨਤਮ ਸਥਿਤੀ ਤੋਂ ਜਾਣੂੰ ਕਰਵਾਇਆ।ਜ਼ਿਕਰਯੋਗ ਹੈ ਕਿ ਈ-ਕੇਵਾਈਸੀ ਇੱਕ ਡਿਜੀਟਲ ਵਿਧੀ ਹੈ, ਜੋ ਲਾਭਪਾਤਰੀ ਦੀ ਪਛਾਣ ਅਤੇ ਸਿਰਨਾਵੇਂ ਦੀ ਪੁਸ਼ਟੀ ਕਰਦੀ ਹੈ , ਜੋ ਮੁੱਖ ਤੌਰ ’ਤੇ ਆਧਾਰ ਕਾਰਡ ਨੰਬਰ ਅਤੇ ਪ੍ਰਮਾਣਿਕਤਾ ਲਈ ਬਾਇਓਮੈਟ੍ਰਿਕਸ ਦੀ ਵਰਤੋਂ ਕਰਦੀ ਹੈ। ਯੋਗ ਲਾਭਪਾਤਰੀਆਂ ਨੂੰ ਕਣਕ ਜਨਤਕ ਵੰਡ ਪ੍ਰਣਾਲੀ (ਪੀਡੀਐਸ) ਅਧੀਨ 2 ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਅੰਤੋਦਿਆ ਅੰਨ ਯੋਜਨਾ (ਏ.ਏ.ਵਾਈ.) ਅਧੀਨ, ਪ੍ਰਤੀ ਪਰਿਵਾਰ ਅਤੇ ਪ੍ਰਤੀ ਮਹੀਨਾ 35 ਕਿਲੋ ਕਣਕ ਦਿੱਤੀ ਜਾਂਦੀ ਹੈ, ਜਦਕਿ ਪ੍ਰਾਇਆਰਿਟੀ ਹਾਊਸਹੋਲਡ (ਪੀ.ਐਚ.ਐਚ.) ਸ਼੍ਰੇਣੀ ਅਧੀਨ, ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਅਧੀਨ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ 5 ਕਿਲੋ ਕਣਕ ਮੁਫਤ ਦਿੱਤੀ ਜਾਂਦੀ ਹੈ।

# ਸੁਪਰੀਮ ਕੋਰਟ ਦੇ ਜੱਜ ਇਹ ਫੈਸਲਾ ਨਹੀਂ ਕਰ ਸਕਦੇ ਕਿ ਸੱਚਾ ਭਾਰਤੀ ਕੌਣ ਹੈ : ਪ੍ਰਿਯੰਕਾ ਗਾਂਧੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਗਸਤ
INTERNATIONAL PAPER, 94636 01616
hardipchumber57@gmail.com

ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਸੁਪਰੀਮ ਕੋਰਟ ਦੀ ਫਟਕਾਰ ਨੂੰ ਲੈ ਕੇ ਮੰਗਲਵਾਰ ਨੂੰ ਅਪਣੇ ਭਰਾ ਰਾਹੁਲ ਗਾਂਧੀ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਇਹ ਫੈਸਲਾ ਕਰਨਾ ਜੱਜਾਂ ਉਤੇ ਨਿਰਭਰ ਨਹੀਂ ਕਰਦਾ ਕਿ ਕੌਣ 'ਸੱਚਾ' ਭਾਰਤੀ ਹੈ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਭਰਾ ਫੌਜ ਦਾ ਬਹੁਤ ਸਤਿਕਾਰ ਕਰਦਾ ਹੈ ਅਤੇ ਇਸ ਦੇ ਵਿਰੁਧ ਕਦੇ ਕੁੱਝ ਨਹੀਂ ਕਹੇਗਾ। ਪ੍ਰਿਯੰਕਾ ਨੇ ਕਿਹਾ ਕਿ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਰਾਹੁਲ ਗਾਂਧੀ ਸਰਕਾਰ ਤੋਂ ਸਵਾਲ ਪੁੱਛਣ ਲਈ ਜ਼ਿੰਮੇਵਾਰ ਹਨ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਦਸੰਬਰ 2022 ਦੀ 'ਭਾਰਤ ਜੋੜੋ ਯਾਤਰਾ' ਦੌਰਾਨ ਫੌਜ ਉਤੇ ਟਿਪਣੀ ਕਰਨ ਦੇ ਮਾਮਲੇ 'ਚ ਰਾਹੁਲ ਗਾਂਧੀ ਵਿਰੁਧ ਲਖਨਊ ਦੀ ਇਕ ਅਦਾਲਤ 'ਚ ਚੱਲ ਰਹੀ ਕਾਰਵਾਈ ਉਤੇ ਸੋਮਵਾਰ ਨੂੰ ਰੋਕ ਲਗਾ ਦਿਤੀ ਸੀ। ਹਾਲਾਂਕਿ ਸੁਪਰੀਮ ਕੋਰਟ ਨੇ ਕਾਂਗਰਸ ਨੇਤਾ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਜੇਕਰ ਉਹ ਸੱਚੇ ਭਾਰਤੀ ਹਨ ਤਾਂ ਉਹ ਅਜਿਹੀ ਗੱਲ ਨਹੀਂ ਕਹਿਣਗੇ।

ਅਦਾਲਤ ਦੀ ਟਿਪਣੀ ਬਾਰੇ ਪੁੱਛੇ ਜਾਣ ਉਤੇ ਪ੍ਰਿਯੰਕਾ ਨੇ ਸੰਸਦ ਭਵਨ ਕੰਪਲੈਕਸ 'ਚ ਪੱਤਰਕਾਰਾਂ ਨੂੰ ਕਿਹਾ, ''ਸੁਪਰੀਮ ਕੋਰਟ ਦੇ ਮਾਣਯੋਗ ਜੱਜਾਂ ਦਾ ਪੂਰਾ ਸਨਮਾਨ ਕਰਦੇ ਹੋਏ ਉਹ ਇਹ ਫੈਸਲਾ ਨਹੀਂ ਕਰਦੇ ਕਿ ਸੱਚਾ ਭਾਰਤੀ ਕੌਣ ਹੈ। ਸਵਾਲ ਪੁੱਛਣਾ ਵਿਰੋਧੀ ਧਿਰ ਦੇ ਨੇਤਾ ਦਾ ਕੰਮ ਹੈ ਅਤੇ ਸਰਕਾਰ ਨੂੰ ਚੁਨੌਤੀ ਦੇਣਾ ਉਨ੍ਹਾਂ ਦਾ ਫਰਜ਼



ਹੈ।''

ਜਦਕਿ ਕਾਂਗਰਸ ਦੇ ਜਨਰਲ ਸਕੱਤਰ ਸੰਗਠਨ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਟਿਪਣੀ ਹਰ ਭਾਰਤੀ ਦੇ ਵਿਚਾਰ ਹਨ।

# ਤੇਜਾ ਸਿੰਘ ਸਮੁੰਦਰ ਹਾਲ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਜਨਰਲ ਇਜਲਾਸ ਹੋਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਗਸਤ
INTERNATIONAL PAPER, 94636 01616
hardipchumber57@gmail.com

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤੇਜਾ ਸਿੰਘ ਸਮੁੰਦਰ ਹਾਲ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਜਨਰਲ ਇਜਲਾਸ ਹੋਇਆ। ਇਸ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ ਅਤੇ ਸਿੱਖ ਧਰਮ ਅਤੇ ਗੁਰਦੁਆਰਾ ਪ੍ਰਬੰਧਨ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਸਪੱਸ਼ਟ ਕੀਤਾ ਕਿ



ਪੂਰੀ ਮੀਟਿੰਗ ਸ਼ਾਂਤੀਪੂਰਨ ਰਹੀ। ਇਸ ਦੌਰਾਨ ਪਿਛਲੇ ਸਮੇਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਚਕਾਰ ਪੈਦਾ ਹੋਏ ਵਿਵਾਦ 'ਤੇ ਵੀ ਚਰਚਾ ਕੀਤੀ ਗਈ । ਮੀਟਿੰਗ ਵਿੱਚ ਕੁਝ ਅਜਿਹੇ ਫੈਸਲੇ ਲਏ ਗਏ, ਜਿਸ ਨਾਲ ਭਵਿੱਖ ਵਿੱਚ ਤਖ਼ਤਾਂ ਵਿਚਕਾਰ ਵਿਵਾਦਾਂ ਤੋਂ ਬਚਿਆ ਜਾ ਸਕਦਾ ਹੈ।

ਜਨਰਲ ਇਜਲਾਸ ਦੌਰਾਨ ਸਰਬ ਸੰਮਤੀ ਨਾਲ ਪਾਸ ਮਤੇ ਵਿਚ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਗਈ ਕਿ ਕਿਸੇ ਵੀ ਮਾਮਲੇ 'ਤੇ ਫ਼ੈਸਲਾ ਲੈਣ ਸਮੇਂ ਪੰਥਕ ਰਵਾਇਤਾਂ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ। ਕੌਮੀ ਫ਼ੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੈਣ ਦੀ ਰਵਾਇਤ ਹੈ ਅਤੇ ਲਏ ਜਾਂਦੇ ਰਹਿਣਗੇ ਪਰ ਦੂਸਰੇ ਚਾਰ ਤਖ਼ਤ ਸਾਹਿਬਾਨ ਨਾਲ ਸੰਬੰਧਿਤ ਸਥਾਨਕ ਮਾਮਲਿਆਂ ਵਿਚ ਉਨ੍ਹਾਂ ਦੇ ਸਲਾਹ ਮਸ਼ਵਰੇ ਬਿਨ੍ਹਾਂ ਦਖਲ ਨਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਜੇਕਰ ਕੋਈ ਅਜਿਹਾ ਮਾਮਲਾ ਵਿਚਾਰ ਅਧੀਨ ਆਵੇ ਤਾਂ ਵਿਚਾਰ ਵਟਾਂਦਰੇ ਮਗਰੋਂ ਹੀ ਕੋਈ ਫੈਸਲਾ ਕੀਤਾ ਜਾਵੇ। ਇਸ ਵਿਚ ਸੰਬੰਧਿਤ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਫੈਸਲੇ ਦਾ ਹਿੱਸਾ ਲਾਜ਼ਮੀ ਬਣਾਇਆ ਜਾਵੇ, ਸਾਂਝੀ ਰਾਏ ਨਾ ਬਣਨ 'ਤੇ ਉਸ ਮਾਮਲੇ ਪ੍ਰਤੀ ਕਾਹਲੀ ਵਿਚ ਫੈਸਲਾ ਨਾ ਲਿਆ ਜਾਵੇ।

# ਹਲਕਾ ਮਲੇਰਕੋਟਲਾ ਦੇ ਨਿਰਧਕੜ ਸਾਥੀ ਜਰਨੈਲ ਨੱਛਤਰ ਸਿੰਘ ਜੀ ਦੇ ਘਰ ਬਸਪਾ ਦੀ ਟੀਮ ਦੁੱਖ ਸਾਂਝਾ ਕਰਨ ਗਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਗਸਤ
INTERNATIONAL PAPER, 94636 01616
hardipchumber57@gmail.com

ਮ ਲੇ ਰ ਕੋ ਟ ਲਾ ( ਚਰਨਜੀਤ ਸੱਲ੍ਹਾਂ )ਅੱਜ ਹਲਕਾ ਮਲੇਰਕੋਟਲਾ ਦੇ ਪਿੰਡ ਕਾਸਾਪੁਰ ਦੇ ਬਹੁਤ ਹੀ ਨਿਧੜਕ ਜਰਨੈਲ ਨਛੱਤਰ ਸਿੰਘ ਟਾਈਗਰ ਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਵੇਲੇ ਤੋਂ ... ਅੱਤ ਦੀ ਗਰੀਬੀ ਹੁੰਦੇ ਹੋਏ ਵੀ ...ਬਸਪਾ ਲਈ ਕੰਮ ਕਰ ਰਹੇ ਹਨ । ਅੱਜ ਉਹਨਾਂ ਦੇ ਮਾਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਮੈਂ ਬਸਪਾ ਦੀ ਟੀਮ







ਨਾਲ ਸਾਥੀ ਨਾਲ ਦੁੱਖ ਸਾਂਝਾ ਕਰਨ ਲਈ ਗਿਆ ।

ਇਹ ਉਹ ਯੋਧਾ ਜਿਹੜਾ ਝੰਡੇ ਵਿਚ ਡੰਡਾ ਪਾਕੇ ਇਕੱਲਾ ਹੀ ਬੂਥ ਲਗਾਉਂਦਾ ਰਿਹਾ ।

ਇਸ ਸਾਥੀ ਨੇ ਪਾਰਟੀ ਨਾਲ ਕਦੇ ਕੋਈ ਸ਼ਿਕਵਾ ਨਹੀਂ ਕੀਤਾ ।

ਦੋ ਨੌਜਵਾਨ ਬੇਟੀਆਂ ... ਇੱਕ ਦਾ ਪਤੀ ਮਰ ਗਿਆ ਤੇ ਦੂਜੀ ਦਾ ਪਤੀ ਛੱਡ ਗਿਆ .. ਇਹਨਾਂ ਬੇਟੀਆਂ ਨੇ ਮੇਹਨਤ ਕਰਕੇ ਆਪਣੇ ਬਾਪੂ ਦੇ ਕੱਚੇ ਘਰ ਨੂੰ ਪੱਕਾ ਤੇ ਸੋਹਣਾ ਬਣਾ ਦਿੱਤਾ ਤੇ ਆਪਣੇ ਮਾਂ ਬਾਪ ਦੀ ਸੇਵਾ ਕਰ ਰਹੀਆਂ ਹਨ ਤੇ ਨਾਲ ਹੀ ਆਪਣੇ ਬੱਚਿਆਂ ਨੂੰ ਪੜ੍ਹਾ ਰਹੀਆਂ ਹਨ ।

ਸਾਨੂੰ ਪੜ੍ਹੇ ਲਿਖੇ ਦਲਿੱਤ ਲੋਕਾਂ ਨੂੰ ਅਜਿਹੇ ਗਰੀਬੜੇ ਮਿਸ਼ਨਰੀ ਸਾਥੀ ਤੋਂ ਸਬਕ ਲੈਣਾ ਚਾਹੀਦਾ ਹੈ ।

# ਸਿੰਧ ਦਾ ਪਾਣੀ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਸਹਾਇਕ ਹੋ ਸਕਦਾ ਹੈ: ਮੁੱਖ ਮੰਤਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਗਸਤ
INTERNATIONAL PAPER, 94636 01616
hardipchumber57@gmail.com



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਦੇ ਮੁੱਦੇ ਨੂੰ ਖ਼ਤਮ ਕਰ ਕੇ ਪੰਜਾਬ ਤੇ ਹਰਿਆਣਾ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਜਲ ਵਿਵਾਦ ਨੂੰ ਹੱਲ ਕਰਨ ਲਈ ਚਨਾਬ ਦਰਿਆ ਦੇ ਪਾਣੀ ਦੀ ਵਰਤੋਂ ਕਰੇ।

ਐਸ.ਵਾਈ.ਐਲ. ਦੇ ਮੁੱਦੇ ਉੱਤੇ ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨਾਲ ਮੀਟਿੰਗ ਦੌਰਾਨ ਵਿਚਾਰ-ਵਟਾਂਦਰੇ ਵਿੱਚ ਭਾਗ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ 9 ਜੁਲਾਈ ਨੂੰ ਹੋਈ ਆਖ਼ਰੀ ਮੀਟਿੰਗ ਦੌਰਾਨ ਕੇਂਦਰ ਸਰਕਾਰ ਨੇ ਦੱਸਿਆ ਸੀ ਕਿ ਪਾਕਿਸਤਾਨ ਨਾਲ ਸਿੰਧ ਜਲ ਸਮਝੌਤਾ ਮੁਅੱਤਲ ਕਰ ਦਿੱਤਾ ਗਿਆ ਹੈ, ਜਿਸ ਨਾਲ ਇਸ ਸਮਝੌਤੇ ਅਧੀਨ ਪਾਕਿਸਤਾਨ ਨੂੰ ਦਿੱਤੇ ਪੱਛਮੀ ਦਰਿਆਵਾਂ ਵਿੱਚੋਂ ਇਕ ਚਨਾਬ ਦਰਿਆ ਦੇ ਪਾਣੀ ਦੀ ਵਰਤੋਂ ਲਈ ਭਾਰਤ ਵਾਸਤੇ ਵੱਡਾ ਮੌਕਾ ਖੁੱਲ੍ਹਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਹੁਣ ਚਨਾਬ ਦਾ ਪਾਣੀ ਰਣਜੀਤ ਸਾਗਰ, ਪੌਂਗ ਜਾਂ ਭਾਖੜਾ ਵਰਗੇ ਭਾਰਤੀ ਡੈਮਾਂ ਰਾਹੀਂ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਵਾਧੂ ਪਾਣੀ ਲਿਆਉਣ ਲਈ ਨਵੀਆਂ ਨਹਿਰਾਂ ਤੇ ਬੁਨਿਆਦੀ ਢਾਂਚੇ ਦੀ ਲੋੜ ਪਵੇਗੀ, ਜਿਸ ਲਈ ਪੰਜਾਬ ਵਿੱਚ ਇਸ ਦੀ ਉਸਾਰੀ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਇਨ੍ਹਾਂ ਨਹਿਰਾਂ ਤੇ ਬੁਨਿਆਦੀ ਢਾਂਚੇ ਨਾਲ ਪੰਜਾਬ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਪੰਜਾਬ ਦੀਆਂ ਲੋੜਾਂ ਪੂਰੀਆਂ ਹੋਣ ਤੋਂ ਬਾਅਦ ਬਾਕੀ ਬਚਦਾ ਪਾਣੀ ਇਸੇ ਨਹਿਰੀ ਪ੍ਰਣਾਲੀ ਰਾਹੀਂ ਹਰਿਆਣਾ ਤੇ ਰਾਜਸਥਾਨ ਨੂੰ ਸਪਲਾਈ ਕੀਤਾ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਚਨਾਬ ਦੇ ਪਾਣੀ ਦੀ ਵਰਤੋਂ ਨਾਲ ਪੰਜਾਬ ਦੀ ਧਰਤੀ ਹੇਠਲੇ ਪਾਣੀ `ਤੇ ਨਿਰਭਰਤਾ ਘਟੇਗੀ ਅਤੇ ਨਹਿਰੀ ਪਾਣੀ ਆਧਾਰਤ ਸਿੰਜਾਈ ਨੂੰ ਸੁਰਜੀਤ ਕੀਤਾ ਜਾਵੇਗਾ, ਜਿਸ ਦਾ ਕਿਸਾਨਾਂ ਨੂੰ ਲਾਭ ਮਿਲੇਗਾ, ਜੋ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਨਾਲ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਸੂਬੇ ਦਾ ਧਰਤੀ ਹੇਠਲਾ ਪਾਣੀ ਬਚੇਗਾ। ਉਨ੍ਹਾਂ ਕਿਹਾ ਕਿ ਪੰਜਾਬ, ਜੋ ਇਸ ਸਮੇਂ ਧਰਤੀ ਹੇਠਲੇ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ, ਨੂੰ ਇਨ੍ਹਾਂ ਦਰਿਆਈ ਪਾਣੀਆਂ ਦੀ ਵਰਤੋਂ ਜਾਂ ਵੰਡ ਲਈ ਭਵਿੱਖ ਦੀ ਕਿਸੇ ਵੀ ਰਣਨੀਤੀ ਵਿੱਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਜ਼ੋਰਦਾਰ ਅਪੀਲ ਕੀਤੀ ਕਿ ਪੱਛਮੀ ਦਰਿਆਵਾਂ ਦੇ ਪਾਣੀ ਨੂੰ ਪਹਿਲ ਦੇ ਆਧਾਰ `ਤੇ ਪੰਜਾਬ ਨੂੰ ਅਲਾਟ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਵੀ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਮੌਜੂਦਾ ਭਾਖੜਾ ਤੇ ਪੌਂਗ ਡੈਮਾਂ ਦੇ ਉੱਪਰ ਨਵੇਂ ਸਟੋਰੇਜ ਡੈਮ ਬਣਾਏ ਜਾਣੇ ਚਾਹੀਦੇ ਹਨ, ਜਿਸ ਨਾਲ ਪੱਛਮੀ ਦਰਿਆਈ ਪਾਣੀਆਂ ਦੇ ਭੰਡਾਰਨ ਅਤੇ ਰੈਗੂਲੇਸ਼ਨ ਵਿੱਚ ਕਾਫ਼ੀ ਵਾਧਾ ਹੋਵੇਗਾ।

ਐਸ.ਵਾਈ.ਐਲ. ਨਹਿਰ ਦਾ ਮੁੱਦਾ ਖ਼ਤਮ ਕਰਨ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਤੌਰ `ਤੇ ਕਿਹਾ ਕਿ ਐਸ.ਵਾਈ.ਐਲ. ਨਹਿਰ ਦੀ ਜ਼ਰੂਰਤ ਨੂੰ ਖ਼ਤਮ ਕਰਨ ਲਈ ਸ਼ਾਰਦਾ ਯਮੁਨਾ ਲਿੰਕ ਰਾਹੀਂ ਵਾਧੂ ਪਾਣੀ ਨੂੰ ਯਮੁਨਾ ਨਦੀ ਵਿੱਚ ਤਬਦੀਲ ਕਰਨ ਅਤੇ ਚਨਾਬ ਦੇ ਪਾਣੀ ਨੂੰ ਰੋਹਤਾਂਗ ਸੁਰੰਗ ਰਾਹੀਂ ਬਿਆਸ ਨਦੀ ਵੱਲ ਮੋੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਾਰਦਾ-ਯਮੁਨਾ ਲਿੰਕ ਦੇ ਲੰਬੇ ਸਮੇਂ ਤੋਂ ਚੱਲ ਰਹੇ ਪ੍ਰਾਜੈਕਟ ਨੂੰ ਤਰਜੀਹੀ ਆਧਾਰ `ਤੇ ਲਿਆ ਜਾਣਾ ਚਾਹੀਦਾ ਹੈ ਅਤੇ ਵਾਧੂ ਪਾਣੀ ਨੂੰ ਢੁਕਵੀਂ ਜਗ੍ਹਾ `ਤੇ ਯਮੁਨਾ ਨਦੀ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਤਰ੍ਹਾਂ ਉਪਲਬਧ ਵਾਧੂ ਪਾਣੀ ਹਰਿਆਣਾ ਸੂਬੇ ਦੀ ਰਾਵੀ-ਬਿਆਸ ਪ੍ਰਣਾਲੀ ਤੋਂ ਪਾਣੀ ਦੀ ਬਕਾਇਆ ਲੋੜ ਨੂੰ ਪੂਰਾ ਕਰ ਸਕਦਾ ਹੈ। ਇਸ ਤੋਂ ਇਲਾਵਾ ਰਾਜਧਾਨੀ ਦਿੱਲੀ ਦੀ ਲਗਾਤਾਰ ਵਧ ਰਹੀ ਪੀਣ ਵਾਲੇ ਪਾਣੀ ਦੀ ਜ਼ਰੂਰਤ ਅਤੇ ਰਾਜਸਥਾਨ ਨੂੰ ਯਮੁਨਾ ਦੇ ਪਾਣੀ ਦੀ ਉਪਲਬਧਤਾ ਨੂੰ ਵੀ ਪੂਰਾ ਕਰ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਪਰੋਕਤ ਸਥਿਤੀ ਵਿੱਚ ਦੁਬਾਰਾ ਐਸ.ਵਾਈ.ਐਲ. ਨਹਿਰ ਦੇ ਨਿਰਮਾਣ ਦੇ ਮੁੱਦੇ ਨੂੰ ਟਾਲਿਆ ਅਤੇ ਹਮੇਸ਼ਾ ਲਈ ਖ਼ਤਮ ਕੀਤਾ ਜਾ ਸਕਦਾ ਹੈ। ਯਮੁਨਾ ਸਤਲੁਜ ਲਿੰਕ (ਵਾਈ.ਐਸ.ਐਲ.) ਨਹਿਰ ਲਈ ਵਕਾਲਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਦਿੱਲੀ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿਚਕਾਰ ਯਮੁਨਾ ਦੇ ਪਾਣੀਆਂ ਦੀ ਵੰਡ ਦੇ 12 ਮਈ, 1994 ਦੇ ਸਮਝੌਤੇ ਦੀ ਸਮੀਖਿਆ 2025 ਤੋਂ ਬਾਅਦ ਕੀਤੀ ਜਾਣੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਦੀ ਵੰਡ ਵਿੱਚ ਭਾਈਵਾਲ ਰਾਜ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਯਮੁਨਾ ਦੇ ਪਾਣੀਆਂ ਦੀ ਵੰਡ ਕਰਦੇ ਸਮੇਂ ਸੂਬੇ ਲਈ ਯਮੁਨਾ ਦਾ ਵਾਧੂ 60 ਫੀਸਦੀ ਪਾਣੀ ਨੂੰ ਪੰਜਾਬ ਨੂੰ ਦੇਣ `ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਕੋਲ ਹੋਰ ਸਰੋਤਾਂ ਤੋਂ ਵਾਧੂ ਪਾਣੀ ਪ੍ਰਾਪਤ ਕਰਨ ਦੀ ਕਾਫ਼ੀ ਸੰਭਾਵਨਾ ਹੈ, ਜਿਸ ਦਾ ਹਿਸਾਬ ਲਗਾਉਣ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਘੱਗਰ ਨਦੀ, ਟਾਂਗਰੀ ਨਦੀ, ਮਾਰਕੰਡਾ ਨਦੀ, ਸਰਸਵਤੀ ਨਦੀ, ਚੌਟਾਂਗ-ਰਾਕਸ਼ੀ, ਨਈ ਨਾਲਾ, ਸੈਹਬੀ ਨਦੀ, ਕ੍ਰਿਸ਼ਨਾ ਧੂੰਆਂ ਅਤੇ ਲੰਡੋਹਾ ਨਾਲਾ ਦਾ 2.703 ਐਮ.ਏ.ਐਫ. ਪਾਣੀ ਵੀ ਮਿਲ ਰਿਹਾ ਹੈ, ਜੋ ਸੂਬਿਆਂ ਵਿਚਕਾਰ ਪਾਣੀ ਦੀ ਵੰਡ ਦਾ ਫੈਸਲਾ ਕਰਦੇ ਸਮੇਂ ਹੁਣ ਤੱਕ ਧਿਆਨ ਵਿੱਚ ਹੀ ਨਹੀਂ ਲਿਆਂਦਾ ਗਿਆ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਐਸ.ਵਾਈ.ਐਲ. ਨਹਿਰ ਇਕ 'ਭਾਵਨਾਤਮਕ ਮੁੱਦਾ' ਹੈ ਅਤੇ ਇਸ ਨਾਲ ਪੰਜਾਬ ਵਿੱਚ ਕਾਨੂੰਨ ਵਿਵਸਥਾ ਲਈ ਗੰਭੀਰ ਹਾਲਾਤ ਬਣ ਸਕਦੇ ਹਨ ਅਤੇ ਇਹ ਇਕ ਰਾਸ਼ਟਰੀ ਸਮੱਸਿਆ ਬਣ ਜਾਵੇਗੀ, ਜਿਸ ਦਾ ਖਮਿਆਜ਼ਾ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਭੁਗਤਣਾ ਪਵੇਗਾ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ `ਤੇ ਕਿਹਾ ਕਿ ਐਸ.ਵਾਈ.ਐਲ. ਨਹਿਰ ਲਈ ਅੱਜ ਤੱਕ ਜ਼ਮੀਨ ਉਪਲਬਧ ਨਹੀਂ ਹੈ ਅਤੇ ਇਹ ਵੀ ਕਿਹਾ ਕਿ ਤਿੰਨ ਦਰਿਆਵਾਂ ਦੇ 34.34 ਐਮ.ਏ.ਐਫ. ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 14.22 ਐਮ.ਏ.ਐਫ. ਪਾਣੀ ਅਲਾਟ ਕੀਤਾ ਗਿਆ ਸੀ, ਜੋ 40 ਫੀਸਦੀ ਬਣਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਕੀ 60 ਫੀਸਦੀ ਹਰਿਆਣਾ, ਦਿੱਲੀ, ਰਾਜਸਥਾਨ ਨੂੰ ਅਲਾਟ ਕੀਤਾ ਗਿਆ ਸੀ। ਹਾਲਾਂਕਿ ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਅਸਲ ਵਿੱਚ ਇਨ੍ਹਾਂ ਰਾਜਾਂ ਵਿੱਚੋਂ ਨਹੀਂ ਵਗਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਤਹੀ ਪਾਣੀ ਵਿੱਚ ਕਮੀ ਕਾਰਨ ਧਰਤੀ ਹੇਠਲੇ ਪਾਣੀ `ਤੇ ਦਬਾਅ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 153 ਬਲਾਕਾਂ ਵਿੱਚੋਂ 115 (75 ਫੀਸਦੀ) ਨੂੰ ਧਰਤੀ ਹੇਠੋਂ ਵੱਧ ਪਾਣੀ ਕੱਢਣ ਵਾਲੇ ਐਲਾਨਿਆ ਗਿਆ ਹੈ, ਜਦੋਂ ਕਿ ਹਰਿਆਣਾ ਵਿੱਚ 61 ਫੀਸਦੀ (143 ਵਿੱਚੋਂ 88) ਜ਼ਿਆਦਾ ਪਾਣੀ ਧਰਤੀ ਹੇਠੋਂ ਕੱਢਣ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਟਿਊਬਵੈੱਲਾਂ ਦੀ ਗਿਣਤੀ 1980 ਦੇ ਦਹਾਕੇ ਵਿੱਚ 6 ਲੱਖ ਤੋਂ ਵੱਧ ਕੇ 2018 ਵਿੱਚ 14.76 ਲੱਖ ਹੋ ਗਈ ਹੈ (ਇਸ ਵਿੱਚ ਸਿਰਫ਼ ਖੇਤੀਬਾੜੀ ਲਈ ਲਗਾਏ ਗਏ ਟਿਊਬਵੈੱਲ ਹੀ ਸ਼ਾਮਲ ਹਨ), ਜੋ ਪਿਛਲੇ 35 ਸਾਲਾਂ ਦੌਰਾਨ 200 ਫੀਸਦੀ ਤੋਂ ਵੱਧ ਦਾ ਵਾਧਾ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੂਰੇ ਦੇਸ਼ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦੀ ਦਰ ਸਭ ਤੋਂ ਵੱਧ (157 ਫੀਸਦੀ) ਹੈ, ਜੋ ਕਿ ਰਾਜਸਥਾਨ (150 ਫੀਸਦੀ) ਤੋਂ ਵੀ ਵੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਆਪਣੀ ਪਾਣੀ ਦੀ ਜ਼ਰੂਰਤ ਨੂੰ ਨਜ਼ਰਅੰਦਾਜ਼ ਕਰਦਾ ਰਿਹਾ ਹੈ ਅਤੇ ਗੈਰ-ਰਿਪੇਰੀਅਨ ਰਾਜਾਂ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲਗਪਗ 60 ਫੀਸਦੀ ਪਾਣੀ ਦਿੰਦਾ ਹੈ, ਜਦੋਂ ਕਿ ਇਨ੍ਹਾਂ ਸੂਬਿਆਂ ਵਿੱਚੋਂ ਰਾਵੀ-ਬਿਆਸ ਅਤੇ ਸਤਲੁਜ ਦਰਿਆ ਨਹੀਂ ਲੰਘਦੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ 2024 ਦੌਰਾਨ 124.26 ਲੱਖ ਮੀਟ੍ਰਿਕ ਟਨ ਕਣਕ ਦਾ ਵੱਡਾ ਯੋਗਦਾਨ ਪਾਇਆ, ਜੋ ਭਾਰਤ ਵਿੱਚ ਖਰੀਦੇ ਗਏ ਕੁੱਲ ਅਨਾਜ ਦਾ 47 ਫੀਸਦੀ ਹੈ। ਇਸ ਤੋਂ ਇਲਾਵਾ ਪੰਜਾਬ ਕੇਂਦਰੀ ਪੂਲ ਵਿੱਚ 24 ਫੀਸਦੀ ਚੌਲਾਂ ਦਾ ਯੋਗਦਾਨ ਵੀ ਪਾਉਂਦਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਗਸਤ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਹਿੰਦੂ ਧਰਮ ਦੇ ਦੇਵਤਿਆਂ ਦੀ ਪੂਜਾ ਨਾ ਕਰੋ

ਮੈਮੋਰੰਡਮ

ਨੰਬਰ 11 ਆਫ਼ 1938 ਓਰੀਐਂਟਲ ਟ੍ਰਾਂਸਲੇਟਰਜ਼ ਆਫ਼ਿਸ,

ਸਕੱਤਰੇਤ,

ਬੰਬਈ, 5 ਜਨਵਰੀ, 1938

ਹੇਠਾਂ ਹਸਤਾਖਰ ਕਰਨ ਵਾਲਾ ਸਕੱਤਰ, ਭਾਰਤ ਸਰਕਾਰ, ਗ੍ਰਹਿ ਵਿਭਾਗ (ਰਾਜਨੀਤਿਕ) ਨੂੰ ਆਪਣੀਆਂ ਸ਼ੁਭਕਾਮਨਾਵਾਂ



ਦਿੰਦਾ ਹੈ ਅਤੇ ਮਰਾਠੀ ਕਿਤਾਬ ਨਿਰੋਪਿਆ, ਭਾਗ XXII ਨੰ. 6 (ਨਵੰਬਰ, 1937) ਨੂੰ ਨੱਥੀ ਕਰਦਾ ਹੈ ਜਿਸ ਵਿੱਚ ਪੰਨੇ 135-138 'ਤੇ ਸੰਪਾਦਕੀ ਨੋਟ ਵਿੱਚ ਇੱਕ ਮਹੱਤਵਪੂਰਨ ਮਾਮਲਾ ਦਿੱਤਾ ਗਿਆ ਹੈ।

2. ਨਿਰੋਪਿਆ ਐਗਜ਼ਾਮੀਨਰ ਪ੍ਰਿੰਟਿੰਗ ਪ੍ਰੈਸ, ਦਲਾਲ ਸਟਰੀਟ, ਫੋਰਟ,

ਬੰਬਈ ਵਿਖੇ ਪੂਨਾ ਦੇ ਆਰਚਬਿਸ਼ਪ-ਬਿਸ਼ਪ ਦੁਆਰਾ ਛਾਪਿਆ ਅਤੇ ਪ੍ਰਕਾਸ਼ਿਤ ਕੀਤਾ ਗਿਆ ਹੈ। ਐਗਜ਼ਾਮੀਨਰ ਪ੍ਰਿੰਟਿੰਗ ਪ੍ਰੈਸ ਦੇ ਕੀਪਰ ਜੇ. ਐਮ. ਸੇਰੇਸ਼ ਐਸ. ਜੇ. ਮਿਤੀ 23 ਜਨਵਰੀ, 1937 ਹਨ। ਪ੍ਰੈਸ ਤੋਂ ਇਸ ਕਿਤਾਬ ਦੇ ਜਾਰੀ ਹੋਣ ਦੀ ਮਿਤੀ 1 ਨਵੰਬਰ, 1937 ਹੈ। 3. ਪੰਨੇ 135 ਤੋਂ 138 'ਤੇ ਸੰਪਾਦਕੀ ਨੋਟ ਦਾ ਪੂਰਾ ਅਨੁਵਾਦ ਇਸ ਦੁਆਰਾ ਨੱਥੀ ਕੀਤਾ ਗਿਆ ਹੈ।

(ਦਸਤਖਤ ਕੀਤੇ)

ਸੁਪਰਡੈਂਟ, ਐਸ.ਬੀ.ਸੀ.ਆਈ.ਡੀ.

(ਦਸਤਖਤ ਕੀਤੇ)

ਸਰਕਾਰ ਦਾ ਪੂਰਬੀ ਅਨੁਵਾਦਕ,

ਡੀ.ਸੀ.ਪੀ.

ਧਰਮ ਪਰਿਵਰਤਨ ਦੀ ਜ਼ਰੂਰਤ

ਨਵੰਬਰ 1937 ਦੇ ਮਹੀਨੇ ਲਈ ਨਿਰੋਪਿਆ, ਭਾਗ XXII ਨੰਬਰ 6 ਵਿੱਚ ਛਪਦੇ "ਡਾ. ਅੰਬੇਡਕਰ ਆਨੀ ਧਰਮੰਤਰਚੀ ਕਰੁਟਕਟਾ" (ਭਾਵ ਡਾ. ਅੰਬੇਡਕਰ ਅਤੇਧਰਮ ਪਰਿਵਰਤਨ ਦੀ ਜ਼ਰੂਰਤ) ਸਿਰਲੇਖ ਵਾਲੇ ਸੰਪਾਦਕੀ ਨੋਟ ਦਾ ਪੂਰਾ ਅਨੁਵਾਦ।

(ਇਸ ਅਨੁਵਾਦ ਦੌਰਾਨ ਬਰੈਕਟਾਂ ਵਿੱਚ ਹਿੱਸੇ ਅਸਲ ਟੈਕਸਟ ਵਿੱਚ ਦਿਖਾਈ ਨਹੀਂ ਦਿੰਦੇ ਸਿਵਾਏ ਜਿੱਥੇ ਹਾਸ਼ੀਏ ਵਿੱਚ ਹੋਰ ਨੋਟ ਕੀਤਾ ਗਿਆ ਹੋਵੇ)।

ਹਫਤਾਵਾਰੀ ਅਖਬਾਰ ਜਨਤਾ ਤੋਂ ਪਤਾ ਲੱਗਾ ਹੈ ਕਿ ਡਾ. ਬੀ.ਆਰ. 28 ਅਗਸਤ, 1937 ਨੂੰ ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਬਾਂਦਰਾ ਦੇ ਮਿਊਂਸੀਪਲ ਹਾਲ ਵਿਖੇ ਦਲਿਤ ਵਰਗ ਦੀ ਇੱਕ ਵੱਡੀ ਜਨਤਕ ਮੀਟਿੰਗ ਹੋਈ ਅਤੇ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ:-

"ਬੰਬੇ ਪ੍ਰੈਜ਼ੀਡੈਂਸੀ ਮਹਾਰ ਕਾਨਫਰੰਸ ਵਿੱਚ ਮਤਾ ਪਾਸ ਕੀਤੇ ਅਨੁਸਾਰ ਸਾਡੇ ਭਰਾਵਾਂ ਅਤੇ ਭੈਣਾਂ ਨੂੰ ਹਿੰਦੂ ਧਾਰਮਿਕ ਤਿਉਹਾਰ, ਹਿੰਦੂ ਧਰਮ ਦੇ ਧਾਰਮਿਕ ਰੀਤੀ ਰਿਵਾਜ ਜਿਵੇਂ ਕਿ ਸਹੁੰ ਚੁੱਕਣਾ ਆਦਿ ਨਹੀਂ ਮਨਾਉਣੇ ਚਾਹੀਦੇ, ਅਤੇ ਧਾਰਮਿਕ ਪ੍ਰਕਿਰਿਆਵਾਂ ਜਿਵੇਂ ਕਿ ਇਸ ਮੌਕੇ ਕਈ ਭਾਸ਼ਣ ਦੇਣ ਤੋਂ ਬਾਅਦ ਡਾ. ਅੰਬੇਡਕਰ ਬੋਲਣ ਲਈ ਖੜ੍ਹੇ ਹੋਏ।

ਉਨ੍ਹਾਂ ਕਿਹਾ: "ਸਾਡੀ ਮੀਟਿੰਗ ਵਿਸ਼ੇਸ਼ ਤੌਰ 'ਤੇ ਤੁਹਾਨੂੰ ਬੰਬੇ ਮਹਾਰ ਪ੍ਰਾਂਤ ਮਹਾਰ ਕਾਨਫਰੰਸ ਦੁਆਰਾ ਧਰਮ ਪਰਿਵਰਤਨ ਸੰਬੰਧੀ ਪਾਸ ਕੀਤੇ ਗਏ ਮਤਿਆਂ ਦੀ ਯਾਦ ਦਿਵਾਉਣ ਲਈ ਬੁਲਾਈ ਗਈ ਹੈ। ਇਸ ਲਈ ਜੇਕਰ ਕਿਸੇ ਕੋਲ ਧਰਮ ਪਰਿਵਰਤਨ ਸੰਬੰਧੀ ਕੋਈ ਸਵਾਲ ਹੈ ਤਾਂ ਉਹ ਜ਼ਰੂਰ ਪੁੱਛ ਸਕਦਾ ਹੈ।" ਜਦੋਂ ਕਿਸੇ ਨੇ ਕੋਈ ਸਵਾਲ ਨਹੀਂ ਪੁੱਛਿਆ ਤਾਂ ਡਾ. ਅੰਬੇਡਕਰ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ।

ਉਨ੍ਹਾਂ ਕਿਹਾ:

"ਪਿਆਰੇ ਭਰਾਵੋ ਅਤੇ ਭੈਣੋ,

ਮੈਂ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਸੀ; ਪਰ ਮੈਨੂੰ ਪਤਾ ਲੱਗਾ ਕਿ ਕੁਝ ਵਿਅਕਤੀ ਹਨ ਜੋ ਆਪਣੀਆਂ ਪੁਰਾਣੀਆਂ ਪਰੰਪਰਾਵਾਂ ਨਾਲ ਜੁੜੇ ਹੋਏ ਹਨ ਅਤੇ ਮਹਾਰ ਸੰਮੇਲਨ ਦੁਆਰਾ ਪਾਸ ਕੀਤੇ ਗਏ ਧਰਮ ਪਰਿਵਰਤਨ ਸੰਬੰਧੀ ਮਤੇ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਰਹੇ ਹਨ। ਇਸ ਲਈ ਮੈਂ ਇੱਥੇ ਅਜਿਹੇ ਵਿਅਕਤੀਆਂ ਦੇ ਸ਼ੰਕਿਆਂ ਨੂੰ ਦੂਰ ਕਰਨ ਲਈ ਆਇਆ ਹਾਂ। ਮੈਂ ਪਹਿਲਾਂ ਹੀ (ਇਸ ਵਿਸ਼ੇ 'ਤੇ) ਆਪਣੇ ਵਿਚਾਰ ਪ੍ਰਗਟ ਕਰ ਚੁੱਕਾ ਹਾਂ। ਦਰਅਸਲ ਤੁਹਾਨੂੰ ਉਨ੍ਹਾਂ ਬਾਰੇ ਆਪਣੇ ਮਨਾਂ ਵਿੱਚ ਕੋਈ ਸ਼ੱਕ ਪੈਦਾ ਨਹੀਂ ਹੋਣ ਦੇਣਾ ਚਾਹੀਦਾ। 1935 ਵਿੱਚ ਆਯੋਜਿਤ ਬੰਬਈ ਮਹਾਂ ਪ੍ਰਾਂਤ ਮਹਾਰ ਸੰਮੇਲਨ ਮਹਾਰ ਭਾਈਚਾਰੇ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ। ਇਸ ਲਈ ਅਜਿਹੀ ਕਾਨਫਰੰਸ ਦੁਆਰਾ ਪਾਸ ਕੀਤੇ ਗਏ ਮਤਿਆਂ ਨੂੰ ਸਮੁੱਚੇ ਤੌਰ 'ਤੇ ਮਹਾਰ ਭਾਈਚਾਰੇ ਦੁਆਰਾ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਮਹਾਰ ਭਾਈਚਾਰੇ ਦੇ ਬਹੁਗਿਣਤੀ ਮੈਂਬਰਾਂ ਨੂੰ ਇਨ੍ਹਾਂ ਮਤਿਆਂ ਲਈ ਕੰਮ ਕਰਨਾ ਚਾਹੀਦਾ ਹੈ। ਹਿੰਦੂ ਦੇਵਤਿਆਂ ਦੀ ਪੂਜਾ ਨਹੀਂ ਕਰਨੀ ਚਾਹੀਦੀ

ਡਾ. ਅੰਬੇਡਕਰ ਨੇ ਅੱਗੇ ਕਿਹਾ, "ਸਾਨੂੰ ਉਨ੍ਹਾਂ ਸਾਰੇ ਧਾਰਮਿਕ ਤਿਉਹਾਰਾਂ ਅਤੇ ਦਿਨਾਂ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਅਸੀਂ ਹਿੰਦੂ ਧਰਮ ਅਨੁਸਾਰ ਮਨਾਉਂਦੇ ਆ ਰਹੇ ਹਾਂ। ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਹਿੰਦੂ ਧਰਮ ਅਨੁਸਾਰ ਮਨਾਏ ਜਾਣ ਵਾਲੇ ਰਿਵਾਜ ਧਰਮ ਅਤੇ ਨੈਤਿਕਤਾ ਦੇ ਦ੍ਰਿਸ਼ਟੀਕੋਣ ਤੋਂ ਸਹੀ ਹਨ। ਕੁਝ ਰਿਵਾਜ ਅਤਿ ਅਸ਼ਲੀਲਤਾ ਨਾਲ ਭਰੇ ਹੋਏ ਹਨ। ਉਦਾਹਰਣ ਵਜੋਂ, ਬਹੁਤ ਸਾਰੇ ਲੋਕ ਸੋਮਵਾਰ ਨੂੰ (ਭਗਵਾਨ) ਸ਼ੰਕਰ ਦੇ ਨਾਮ 'ਤੇ ਵਰਤ ਰੱਖਦੇ ਹਨ ਅਤੇ ਭਗਵਾਨ ਸ਼ੰਕਰ ਦੀ ਪਿੰਡੀ (ਲਿੰਗ) ਦੀ ਕਈ ਤਰੀਕਿਆਂ ਨਾਲ ਪੂਜਾ ਕਰਦੇ ਹਨ। ਪਰ ਕੀ ਕਿਸੇ ਨੇ ਵਿਚਾਰ ਕੀਤਾ ਹੈ ਕਿ ਸ਼ੰਕਰ ਦੀ ਪਿੰਡੀ ਕੀ ਹੈ? ਇਹ ਇੱਕ ਆਦਮੀ ਅਤੇ ਔਰਤ ਦੇ ਮਿਲਾਪ ਦੇ ਪ੍ਰਤੀਕ ਤੋਂ ਇਲਾਵਾ ਕੁਝ ਨਹੀਂ ਹੈ। ਕੀ ਸਾਨੂੰ ਅਜਿਹੇ ਅਸ਼ਲੀਲ ਪ੍ਰਤੀਕ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ? ਜੇਕਰ ਮਰਦ ਅਤੇ ਔਰਤਾਂ ਸੜਕਾਂ 'ਤੇ ਕੁੱਤਿਆਂ ਵਾਂਗ ਅਸ਼ਲੀਲ ਵਿਵਹਾਰ ਕਰਦੇ ਹਨ, ਤਾਂ ਕੀ ਸਾਨੂੰ ਫੁੱਲਾਂ ਨਾਲ ਜਾਂ ਜੁੱਤੀਆਂ ਨਾਲ ਉਨ੍ਹਾਂ ਦੀ ਪੂਜਾ ਕਰਨੀ ਚਾਹੀਦੀ ਹੈ? ਕੀ ਸਾਨੂੰ ਪਾਰਵਤੀ (ਅਤੇ) ਸ਼ੰਕਰ ਦੇ ਉਸੇ ਤਰ੍ਹਾਂ ਦੇ ਕੰਮ ਦੇ ਪ੍ਰਤੀਕ ਦੀ ਪੂਜਾ ਕਰਨੀ ਚਾਹੀਦੀ ਹੈ, ਭਾਵ ਪਰਮਾਤਮਾ ਦੀ ਅਸ਼ਲੀਲਤਾ?"

"ਗਣਪਤੀ ਨਾਲ ਵੀ ਇਹੀ ਹੈ।" ਡਾ. ਅੰਬੇਡਕਰ ਨੇ ਅੱਗੇ ਕਿਹਾ: "ਗਣਪਤੀ ਦੀ ਕਹਾਣੀ ਇਹ ਹੈ ਕਿ ਇੱਕ ਵਾਰ ਪਾਰਵਤੀ ਨਗਨ ਇਸ਼ਨਾਨ ਕਰ ਰਹੀ ਸੀ, ਉਸ ਸਮੇਂ ਸ਼ੰਕਰ ਕਿਤੇ ਹੋਰ ਚਲਾ ਗਿਆ ਸੀ। ਤਾਂ ਜੋ ਕੋਈ ਉਸਦੇ ਕੰਮ ਵਿੱਚ ਵਿਘਨ ਨਾ ਪਾਵੇ, ਪਾਰਵਤੀ ਨੇ ਉਸਦੇ ਸਰੀਰ ਤੋਂ ਮਿੱਟੀ ਖੁਰਚ ਕੇ ਗਣਪਤੀ ਯਾਨੀ ਇਸ ਤੋਂ ਰੱਖਿਅਕ ਬਣਾਇਆ। ਹੁਣ ਇਸ ਸਥਿਤੀ ਵਿੱਚ, ਕੀ ਸਰੀਰ ਦੀ ਮਿੱਟੀ ਤੋਂ ਬਣੇ ਇਸ ਦੇਵਤੇ ਨੂੰ ਪਰਮਾਤਮਾ ਮੰਨਿਆ ਜਾਣਾ ਚਾਹੀਦਾ ਹੈ? ਪਰਮਾਤਮਾ ਇੱਕ ਸਾਫ਼ ਅਤੇ ਸ਼ੁੱਧ ਚਿੱਤਰ ਵਾਲਾ ਅਵਤਾਰ ਹੋਣਾ ਚਾਹੀਦਾ ਹੈ, ਪਰ ਹਿੰਦੂ ਧਰਮ ਵਿੱਚ, ਜਿਵੇਂ ਕਿ ਮੈਂ ਤੁਹਾਨੂੰ ਹੁਣ ਦੱਸ ਰਿਹਾ ਹਾਂ, ਪਰਮਾਤਮਾ ਇੱਕ ਬਹੁਤ ਹੀ ਅਜੀਬ ਕਿਸਮ ਦਾ ਹੈ। ਇਸ ਲਈ, ਮੈਂ ਇਮਾਨਦਾਰੀ ਨਾਲ ਮੰਨਦਾ ਹਾਂ ਕਿ ਉਸਦੀ ਪੂਜਾ ਨਹੀਂ ਕੀਤੀ ਜਾਣੀ ਚਾਹੀਦੀ।" ਤੀਜਾ, ਡਾ. ਅੰਬੇਡਕਰ ਨੇ ਦੱਤਾਤ੍ਰੇਯ ਦੀ ਕਹਾਣੀ ਦਾ ਹਵਾਲਾ ਦਿੱਤਾ, "ਨਾਰਦ ਤਿੰਨਾਂ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀਆਂ ਪਤਨੀਆਂ ਨੂੰ ਕਹਿੰਦੇ ਸਨ ਕਿ ਮਹਾਰਿਸ਼ੀ ਅਤਰੀ ਦੀ ਪਤਨੀ ਅਨੁਸੂਯਾ ਇੱਕ ਬਹੁਤ ਹੀ ਸਮਰਪਿਤ ਪਤਨੀ ਸੀ। ਉਹ ਇਹ ਬਰਦਾਸ਼ਤ ਨਹੀਂ ਕਰ ਸਕਦੀਆਂ ਸਨ ਕਿ ਕਿਸੇ ਵੀ ਔਰਤ ਨੂੰ ਉਨ੍ਹਾਂ ਤੋਂ ਵੱਧ ਸਮਰਪਿਤ ਸਮਝਿਆ ਜਾਵੇ। ਇਸ ਲਈ ਇਨ੍ਹਾਂ ਤਿੰਨਾਂ ਪਤਨੀਆਂ ਨੇ ਆਪਣੇ ਪਤੀਆਂ ਨੂੰ ਅਨੁਸੂਯਾ ਦੀ ਪਵਿੱਤਰਤਾ ਤੋੜਨ ਲਈ ਕਿਹਾ ਅਤੇ ਉਨ੍ਹਾਂ ਤਿੰਨਾਂ ਨਾਇਕਾਂ ਨੇ ਆਪਣੀਆਂ ਪਤਨੀਆਂ ਦੀ ਗੱਲ ਸੁਣੀ ਅਤੇ ਅਜਿਹਾ ਕਰਨ ਲਈ ਸਹਿਮਤ ਹੋ ਗਈਆਂ। ਇਹ ਤਿੰਨੇ ਵਿਅਕਤੀ ਅਨੁਸੂਯਾ ਦੇ ਘਰ ਗਏ, ਕਿਸੇ ਨਾ ਕਿਸੇ ਬਹਾਨੇ ਉਸਦੇ ਪਤੀ ਨੂੰ ਭੇਜ ਦਿੱਤਾ ਅਤੇ ਅਨੁਸੂਯਾ ਨਾਲ ਰਹਿਣ ਲੱਗ ਪਏ। ਇਸ ਸਥਿਤੀ ਵਿੱਚ ਉਸਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਅਤੇ ਬੱਚੇ ਦੇ ਪਿਤਾ ਬਾਰੇ ਸ਼ੱਕ ਹੋਣ ਕਰਕੇ, ਉਸ ਉੱਤੇ ਤਿੰਨ ਸਿਰ ਪਾ ਦਿੱਤੇ ਗਏ ਤਾਂ ਜੋ ਜ਼ਿੰਮੇਵਾਰੀ ਇਨ੍ਹਾਂ ਤਿੰਨਾਂ (ਦੇਵਤਿਆਂ) ਉੱਤੇ ਬਰਾਬਰ ਆਵੇ ਅਤੇ ਇਹ ਦੱਤਾਤ੍ਰੇਯ ਦਾ ਅਵਤਾਰ ਹੈ।"

(ਧਰਮ ਪਰਿਵਰਤਨ ਦੇ ਹੱਕ ਵਿੱਚ) ਅੰਦੋਲਨ ਨੂੰ ਵਾਪਸ ਨਹੀਂ ਲਿਆ ਜਾਣਾ ਚਾਹੀਦਾ। ਆਪਣੇ ਭਾਸ਼ਣ ਦੇ ਅੰਤ ਵਿੱਚ ਡਾ. ਅੰਬੇਡਕਰ ਨੇ ਕਿਹਾ, "ਬਹੁਤ ਸਾਰੇ ਲੋਕ ਮੰਨਦੇ ਹਨ ਕਿ ਧਰਮ ਪਰਿਵਰਤਨ ਦੀ ਲਹਿਰ ਹੁਣ ਸ਼ਾਂਤ ਹੋ ਗਈ ਹੈ। ਪਰ ਅਜਿਹਾ ਨਹੀਂ ਹੈ। ਧਰਮ ਪਰਿਵਰਤਨ ਜ਼ਰੂਰ ਹੋਣਗੇ। ਇਹ ਗੱਲ ਆਪਣੇ ਮਨ ਵਿੱਚ ਪੱਕੀ ਰੱਖੋ ਕਿ ਮੈਂ ਇਸ ਲਹਿਰ ਨੂੰ ਨਹੀਂ ਛੱਡਿਆ। ਬਹੁਤ ਸਾਰੇ ਹਿੰਦੂਆਂ ਨੇ ਮੈਨੂੰ ਕਿਹਾ ਹੈ ਕਿ 'ਤੁਹਾਡੇ ਧਰਮ ਪਰਿਵਰਤਨ ਅੰਦੋਲਨ ਦੇ ਨਤੀਜੇ ਵਜੋਂ ਸਾਡੀਆਂ ਅੱਖਾਂ ਖੁੱਲ੍ਹ ਗਈਆਂ ਹਨ। ਹੁਣ ਜਦੋਂ ਅਸੀਂ ਜਾਗ ਗਏ ਹਾਂ ਤਾਂ ਸਾਨੂੰ ਤੁਹਾਡੇ ਪ੍ਰਤੀ ਆਪਣੇ ਫਰਜ਼ ਵਿੱਚ ਅਸਫਲ ਨਹੀਂ ਹੋਣਾ ਚਾਹੀਦਾ; ਤਾਂ ਜੋ ਤੁਹਾਨੂੰ ਧਰਮ ਪਰਿਵਰਤਨ ਲਈ ਆਪਣੀ ਲਹਿਰ ਵਾਪਸ ਲੈਣੀ ਪਵੇ। ਪਰ ਹੁਣ ਤੱਕ ਮੈਂ ਜੋ ਕਈ ਕਾਰਨ ਦੱਸੇ ਹਨ, ਉਨ੍ਹਾਂ ਕਰਕੇ ਮੈਂ ਇਸ ਲਹਿਰ ਨੂੰ ਵਾਪਸ ਲੈਣ ਦਾ ਇਰਾਦਾ ਨਹੀਂ ਰੱਖਦਾ। ਮਾਮਲੇ 'ਤੇ ਚੰਗੀ ਤਰ੍ਹਾਂ ਵਿਚਾਰ ਕਰੋ ਅਤੇ ਅਪਣਾਏ ਜਾਣ ਵਾਲੇ ਨਵੇਂ (ਹੋਰ) ਧਰਮ ਨੂੰ ਪੂਰੀ ਤਰ੍ਹਾਂ ਜਾਂਚਣ ਤੋਂ ਬਾਅਦ ਹੀ ਅਪਣਾਇਆ ਜਾਣਾ ਚਾਹੀਦਾ ਹੈ (ਜਿਵੇਂ ਕਿ ਸੋਨੇ ਦੇ ਮਾਮਲੇ ਵਿੱਚ ਇਸਦੀ ਜਾਂਚ ਅਤੇ ਪਰਖ ਕੀਤੀ ਜਾਂਦੀ ਹੈ)। ਮੈਨੂੰ ਉਮੀਦ ਹੈ ਕਿ ਇਸ ਤੋਂ ਬਾਅਦ ਮਹਾਰ ਭਾਈਚਾਰੇ ਦੇ ਸਾਰੇ ਮੈਂਬਰ ਉਸੇ ਤਰ੍ਹਾਂ ਕੰਮ ਕਰਨਗੇ ਜਿਵੇਂ ਮਹਾਰ ਭਾਈਚਾਰੇ ਦੇ ਸੰਮੇਲਨ ਵਿੱਚ ਫੈਸਲਾ ਕੀਤਾ ਗਿਆ ਸੀ।"

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

# ਟਰੰਪ ਦੀ ਟੈਰਿਫ ਹੋਰ ਵਧਾਉਣ ਦੀ ਧਮਕੀ 'ਤੇ ਭਾਰਤ ਦਾ ਅਮਰੀਕਾ ਨੂੰ ਸਿੱਧਾ ਜਵਾਬ, ਰੂਸ ਤੋਂ ਤੇਲ ਲੈਣ ਨੂੰ ਲੈ ਕੇ ਕਿਉਂ ਛਿੜਿਆ ਵਿਵਾਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਅਗਸਤ
INTERNATIONAL PAPER, 94636 01616
hardipchumber57@gmail.com

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸੋਮਵਾਰ ਨੂੰ ਭਾਰਤ 'ਤੇ 'ਹੋਰ ਜ਼ਿਆਦਾ ਟੈਰਿਫ' ਲਗਾਉਣ ਦੀ ਧਮਕੀ ਦਿੱਤੀ ਤਾਂ ਭਾਰਤ ਨੇ ਦੇਰ ਰਾਤ ਅਮਰੀਕਾ ਦਾ ਨਾਮ ਲੈ ਕੇ ਪ੍ਰਤੀਕਿਰਿਆ ਦਿੱਤੀ।

ਡੌਨਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਲਿਖਿਆ, "ਭਾਰਤ ਨੂੰ ਪਰਵਾਹ ਨਹੀਂ ਹੈ ਕਿ ਰੂਸ ਦੀ ਯੁੱਧ ਮਸ਼ੀਨ ਨਾਲ ਯੂਕਰੇਨ ਵਿੱਚ ਕਿੰਨੇ ਲੋਕ ਮਾਰੇ ਜਾ ਰਹੇ ਹਨ। ਇਸ ਲਈ ਮੈਂ ਭਾਰਤ 'ਤੇ ਟੈਰਿਫ ਨੂੰ ਵਧਾਉਣ ਜਾ ਰਿਹਾ ਹਾਂ।"

ਜਵਾਬ ਵਿੱਚ ਭਾਰਤ ਨੇ ਟਰੰਪ ਦੀ ਇਸ ਧਮਕੀ ਨੂੰ 'ਅਣਉਚਿਤ ਤੇ ਤਰਕਹੀਣ' ਦੱਸਿਆ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਹੁਣ ਵੀ ਰੂਸ ਤੋਂ ਆਪਣੇ ਪਰਮਾਣੂ ਉਦਯੋਗ ਦੇ ਲਈ ਯੂਰੇਨੀਅਮ ਹੈਕਸਾਫਲੋਰਾਈਡ, ਇਲੈਕਟ੍ਰਿਕ ਵਾਹਨ ਇੰਡਸਟਰੀ ਦੇ ਲਈ ਪੈਲੇਡਿਅਮ, ਖਾਦਾਂ ਅਤੇ ਰਸਾਇਣ ਦੀ ਦਰਾਮਦ ਕਰਦਾ ਹੈ।

ਭਾਰਤ ਫਿਲਹਾਲ ਰੂਸੀ ਤੇਲ ਦੇ ਸਭ ਤੋਂ ਵੱਡੇ ਖਰੀਦਦਾਰਾਂ ਵਿੱਚ ਸ਼ਾਮਲ ਹੈ। 2022 ਵਿੱਚ ਰੂਸ ਦੇ ਯੂਕਰੇਨ 'ਤੇ ਹਮਲੇ ਤੋਂ ਬਾਅਦ ਕਈ ਯੂਰਪੀ ਦੇਸ਼ਾਂ ਨੇ ਵਪਾਰ ਘਟਾਇਆ, ਜਿਸ ਤੋਂ ਬਾਅਦ ਭਾਰਤ ਰੂਸ ਦੇ ਲਈ ਇੱਕ ਅਹਿਮ ਬਾਜ਼ਾਰ ਬਣ ਗਿਆ।

ਵ੍ਹਾਈਟ ਹਾਊਸ ਦੇ ਡਿਪਟੀ ਚੀਫ ਆਫ ਸਟਾਫ ਸਟੀਫਨ ਮਿਲਰ ਨੇ ਫੌਕਸ ਨਿਊਜ਼ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਸਾਫ ਕਿਹਾ ਹੈ ਕਿ 'ਭਾਰਤ ਦਾ ਰੂਸ ਤੋਂ ਤੇਲ ਖਰੀਦ ਕੇ ਯੂਕਰੇਨ ਯੁੱਧ ਨੂੰ ਫਾਇਨਾਂਸ ਕਰਨਾ ਸਵੀਕਾਰਯੋਗ ਨਹੀਂ ਹੈ।'

'ਭਾਰਤ ਰੂਸ ਤੋਂ ਚੀਨ ਦੇ ਬਰਾਬਰ ਤੇਲ ਖਰੀਦਦਾ ਹੈ'

ਡੌਨਲਡ ਟਰੰਪ ਨੇ ਟੈਰਿਫ ਵਧਾਉਣ ਦੀ ਗੱਲ ਕਹੀ ਹੈ ਪਰ ਇਹ ਨਹੀਂ ਦੱਸਿਆ ਕਿ ਟੈਰਿਫ ਵਿੱਚ ਕਿੰਨੇ ਫੀਸਦ ਦਾ ਵਾਧਾ ਹੋਵੇਗਾ।

ਟਰੰਪ ਦੀ ਧਮਕੀ ਅਜਿਹੇ ਸਮੇਂ ਆਈ ਹੈ, ਜਦੋਂ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ ਭਾਰਤ 'ਤੇ 25 ਫ਼ੀਸਦ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ।

ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਕੀਤੀ ਇੱਕ ਪੋਸਟ ਵਿੱਚ ਉਨ੍ਹਾਂ ਨੇ ਲਿਖਿਆ, "ਭਾਰਤ ਨਾ ਸਿਰਫ ਰੂਸ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦ ਰਿਹਾ ਹੈ, ਬਲਕਿ ਖਰੀਦੇ ਗਏ ਇਸ ਤੇਲ ਦਾ ਇੱਕ ਵੱਡਾ ਹਿੱਸਾ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਕੇ ਭਾਰੀ ਮੁਨਾਫਾ ਵੀ ਕਮਾ ਰਿਹਾ ਹੈ। ਉਨ੍ਹਾਂ ਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਯੂਕਰੇਨ ਵਿੱਚ ਰੂਸ ਦੀ ਯੁੱਧ ਮਸ਼ੀਨ ਕਿੰਨੇ ਲੋਕਾਂ ਨੂੰ ਮਾਰ ਰਹੀ ਹੈ। ਇਸੇ ਕਾਰਨ, ਮੈਂ ਭਾਰਤ 'ਤੇ ਟੈਰਿਫ ਨੂੰ ਵਧਾਉਣ ਜਾ ਰਿਹਾ ਹਾਂ।"

ਇਸ ਤੋਂ ਪਹਿਲਾਂ 30 ਜੁਲਾਈ ਨੂੰ ਵੀ ਟਰੰਪ ਨੇ ਭਾਰਤ 'ਤੇ 25 ਫ਼ੀਸਦ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ।

ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜੇ ਭਾਰਤ ਰੂਸ ਤੋਂ ਫੌਜੀ ਉਪਕਰਨ ਅਤੇ ਤੇਲ ਦੀ ਖਰੀਦ ਜਾਰੀ ਰੱਖਦਾ ਹੈ ਤਾਂ ਮੌਜੂਦਾ ਟੈਰਿਫ ਤੋਂ ਇਲਾਵਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਟਰੰਪ ਦਾ ਇਲਜ਼ਾਮ ਹੈ ਕਿ ਭਾਰਤ ਦੀ ਇਹ ਖਰੀਦ ਰੂਸ ਨੂੰ ਯੂਕਰੇਨ ਯੁੱਧ ਜਾਰੀ ਰੱਖਣ ਵਿੱਚ ਮਦਦ ਪਹੁੰਚਾ ਰਹੀ ਹੈ।

ਟਰੰਪ ਦੀ ਤਾਜ਼ਾ ਟੈਰਿਫ ਵਧਾਉਣ ਦੀ ਧਮਕੀ ਤੋਂ ਪਹਿਲਾਂ ਸਟੀਫਨ ਮਿਲਰ ਨੇ ਫੌਕਸ ਨਿਊਜ਼ ਨੂੰ ਦਿੱਤੇ ਇੰਟਰਵਿਊ ਵਿੱਚ ਭਾਰਤ ਅਤੇ ਰੂਸ ਵਿਚਾਲੇ ਵਪਾਰ ਨੂੰ ਲੈ ਕੇ ਟਿੱਪਣੀ ਕੀਤੀ ਸੀ।

ਮਿਲਰ ਨੇ ਕਿਹਾ, "ਲੋਕ ਇਹ ਜਾਣ ਕੇ ਹੈਰਾਨ ਰਹਿ ਜਾਣਗੇ ਕਿ ਰੂਸ ਤੋਂ ਤੇਲ ਖਰੀਦਣ ਵਿੱਚ ਭਾਰਤ ਲਗਭਗ ਚੀਨ ਦੇ ਬਰਾਬਰ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ। ਭਾਰਤ ਖੁਦ ਨੂੰ ਸਾਡਾ ਸਭ ਤੋਂ ਕਰੀਬੀ ਦੋਸਤ ਦੱਸਦਾ ਹੈ ਪਰ ਸਾਡੇ ਉਤਪਾਦ ਨਹੀਂ ਖਰੀਦਦਾ। ਭਾਰਤ ਇੰਮੀਗ੍ਰੇਸ਼ਨ ਵਿੱਚ ਗੜਬੜੀ ਕਰਦਾ ਹੈ। ਇਹ ਅਮਰੀਕੀ ਕੰਮਾਕਾਰਾਂ ਵਾਲਿਆਂ ਲਈ ਬਹੁਤ ਖਤਰਨਾਕ ਹੈ ਅਤੇ ਰੂਸੀ ਤੇਲ ਵੀ ਖਰੀਦਦਾ ਹੈ, ਜੋ ਸਵਿਕਾਰਨਯੋਗ ਨਹੀਂ ਹੈ। ਰਾਸ਼ਟਰਪਤੀ ਟਰੰਪ ਭਾਰਤ ਤੋਂ ਚੰਗੇ ਰਿਸ਼ਤੇ ਚਾਹੁੰਦਾ ਹੈ ਪਰ ਸਾਨੂੰ ਹਕੀਕਤ ਸਮਝਣੀ ਹੋਵੇਗੀ।"

### ਭਾਰਤ ਦਾ ਜਵਾਬ

ਭਾਰਤੀ ਵਿਦੇਸ਼ ਮੰਤਰਾਲੇ ਨੇ ਟਰੰਪ ਦੀ ਆਲੋਚਨਾ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਅਮਰੀਕਾ ਅਤੇ ਯੂਰਪੀ ਸੰਘ ਨੇ ਖੁਦ ਰੂਸ ਦੇ ਨਾਲ ਵਪਾਰ ਜਾਰੀ ਰੱਖਿਆ ਹੋਇਆ ਹੈ।

ਪਿਛਲੇ ਸਾਲ ਅਮਰੀਕਾ ਨੇ ਸਖ਼ਤ ਪਾਬੰਦੀਆਂ ਦੇ ਬਾਵਜੂਦ ਰੂਸ ਦੇ ਨਾਲ ਅੰਦਾਜ਼ਨ 3.5 ਅਰਬ ਡਾਲਰ ਦਾ ਮਾਲ ਵਪਾਰ ਕੀਤਾ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਯੂਕਰੇਨ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਅਮਰੀਕਾ ਅਤੇ ਯੂਰਪੀ ਸੰਘ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੇ ਲਈ ਨਿਸ਼ਾਨਾ ਬਣਾ ਰਿਹਾ ਹੈ। ਦਰਅਸਲ ਭਾਰਤ ਨੇ ਰੂਸ ਤੋਂ ਤੇਲ ਦਰਾਮਦ ਉਦੋਂ ਸ਼ੁਰੂ ਕੀਤਾ ਜਦੋਂ ਰਵਾਇਤੀ ਤੇਲ ਸਪਲਾਈ ਯੂਰਪ ਵੱਲ ਮੋੜ ਦਿੱਤੀ ਗਈ ਸੀ।

ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ, "ਅਸਲ ਵਿੱਚ ਭਾਰਤ ਨੇ ਰੂਸ ਤੋਂ ਤੇਲ ਇਸ ਲਈ ਦਰਾਮਦ ਕਰਨਾ ਸ਼ੁਰੂ ਕੀਤਾ ਕਿਉਂਕਿ ਸੰਘਰਸ਼ ਤੋਂ ਬਾਅਦ ਰਵਾਇਤੀ ਸਪਲਾਈ ਯੂਰਪ ਵੱਲ ਮੋੜ ਦਿੱਤੀ ਗਈ ਸੀ। ਉਸ ਸਮੇਂ ਅਮਰੀਕਾ ਨੇ ਖੁਦ ਭਾਰਤ ਨੂੰ ਅਜਿਹਾ ਦਰਾਮਦ ਕਰਨ ਲਈ ਉਤਸ਼ਾਹਿਤ ਕੀਤਾ ਸੀ ਤਾਂ ਕਿ ਦੁਨੀਆ ਦੇ ਤੇਲ ਬਾਜ਼ਾਰ ਦੀ ਸਥਿਰਤਾ ਮਜ਼ਬੂਤ ਬਣੀ ਰਹੇ।"

# ਆਂਗਣਵਾੜੀ ਕੇਂਦਰਾਂ 'ਚ ਪ੍ਰੀ ਸਕੂਲ ਰਜਿਸਟ੍ਰੇਸ਼ਨ 31 ਅਗਸਤ ਤੱਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com

ਮਾਨਸਾ, 05 ਅਗਸਤ: (ਆਤਮਾ ਸਿੰਘ ਪਮਾਰ)

ਜ਼ਿਲ੍ਹੇ ਦੇ ਆਂਗਣਵਾੜੀ ਕੇਂਦਰਾਂ ਵਿਚ ਨਵੇਂ ਸੈਸ਼ਨ 2025-26 ਲਈ ਪ੍ਰੀ ਸਕੂਲ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 31 ਅਗਸਤ 2025 ਹੈ। ਇਹ ਜਾਣਕਾਰੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਰਤਿੰਦਰਪਾਲ ਕੌਰ ਧਾਰੀਵਾਲ ਨੇ ਦਿੱਤੀ।

ਉਨ੍ਹਾਂ ਕਿਹਾ ਕਿ 03 ਤੋਂ 05 ਸਾਲ ਤੱਕ ਦੀ ਉਮਰ ਵਾਲੇ ਬੱਚਿਆਂ ਲਈ ਇਹ ਸ਼ੁਰੂਆਤੀ ਸਿੱਖਿਆ ਦਾ ਸਭ ਤੋਂ ਮਹੱਤਵਪੂਰਨ ਪੱਧਰ ਹੁੰਦਾ ਹੈ। ਉਨ੍ਹਾਂ ਮਾਪਿਆਂ ਨੂੰ ਬੇਨਤੀ ਕੀਤੀ ਕਿ ਰਜਿਸਟ੍ਰੇਸ਼ਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਬੱਚਿਆਂ ਦੀ ਦਾਖਲਾ ਪ੍ਰਕਿਰਿਆ ਪੂਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਨਜ਼ਦੀਕੀ ਆਂਗਣਵਾੜੀ ਕੇਂਦਰ ਜਾਂ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਨਾਲ ਰਾਬਤਾ ਕੀਤਾ ਜਾਵੇ।

# ਅਨੁਸ਼ਾਸਨ ਮਨੁੱਖ ਦੇ ਵਧੀਆ ਚਰਿੱਤਰ ਦਾ ਨਿਰਮਾਣ ਕਰਦਾ ਹੈ-ਪ੍ਰਿੰਸੀਪਲ ਸੁਰਜੀਤ ਸਿੰਘ ਬੱਧਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ, 5 ਅਗਸਤ (ਤਰਸੇਮ ਦੀਵਾਨਾ) - ਵਿਦਿਆਰਥੀ ਜੀਵਨ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਿਸ ਦੌਰਾਨ ਮਨੁੱਖ ਦੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਚਰਿੱਤਰ ਚੰਗੇ ਗੁਣਾਂ ਅਤੇ ਚੰਗੀਆਂ ਆਦਤਾਂ ਦਾ ਸਮੂਹ ਹੈ। ਅਨੁਸ਼ਾਸਨ ਮਨੁੱਖ ਦੇ ਵਧੀਆ ਚਿੱਤਰ ਦਾ ਨਿਰਮਾਣ ਕਰਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਪ੍ਰਿੰਸੀਪਲ ਸੁਰਜੀਤ ਸਿੰਘ ਬੱਧਣ ਸਕੂਲ ਆਫ ਐਮੀਨੈਂਸ ਬਾਗਪੁਰ ਸਤੌਰ ਨੇ ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਜਿਹੋ ਜਿਹੀਆਂ ਆਦਤਾਂ ਵਿਦਿਆਰਥੀ ਜੀਵਨ ਵਿੱਚ ਬਣ ਜਾਂਦੀਆਂ ਹਨ, ਉਹੋ ਜਿਹਾ ਹੀ ਮਨੁੱਖ ਦਾ ਚਰਿੱਤਰ ਬਣ ਜਾਂਦਾ ਹੈ।ਅਨੁਸ਼ਾਸਨ ਚੰਗੇ ਚਰਿੱਤਰ ਦੀ ਰੀੜ ਦੀ ਹੱਡੀ ਹੁੰਦਾ ਹੈ। ਉਹਨਾਂ ਕਿਹਾ ਕਿ ਜ਼ਿੰਦਗੀ ਦੇ ਹਰੇਕ ਪੜਾਅ ਉੱਤੇ ਅਨੁਸ਼ਾਸਨ ਦਾ ਮਹੱਤਵ ਹੈ ਅਤੇ ਹਰ ਮੋੜ ਤੇ ਇਸਦੀ ਲੋੜ ਹੈ। ਪ੍ਰਿੰਸੀਪਲ ਸਰਜੀਤ ਸਿੰਘ ਬੱਧਣ ਨੇ ਕਿਹਾ ਕਿ ਸਮੁੱਚੀ ਕੁਦਰਤ ਨਿਯਮਾਂ ਵਿੱਚ ਬੱਝੀ ਚੱਲ ਰਹੀ ਹੈ। ਦਿਨ ਚੜਦਾ ਹੈ, ਰਾਤ ਪੈਂਦੀ ਹੈ ਅਤੇ ਤਰਤੀਬ ਅਨੁਸਾਰ ਮੌਸਮ ਬਦਲਦੇ ਹਨ। ਕੁਦਰਤ ਦਾ ਅਨੁਸ਼ਾਸਨ ਰਤਾ ਵੀ ਭੰਗ ਹੋਵੇ ਤਾਂ ਪਰਲੋ ਦੀ ਸਥਿਤੀ ਬਣ ਜਾਂਦੀ ਹੈ। ਇਸੇ ਹੀ ਤਰ੍ਹਾਂ ਖੁਸ਼ਹਾਲ ਜ਼ਿੰਦਗੀ ਦਾ ਆਨੰਦ ਲੈਣ ਲਈ ਅਨੁਸ਼ਾਸਨ ਜ਼ਰੂਰੀ ਹੈ। ਉਹਨਾਂ ਕਿਹਾ ਸਕੂਲ ਅਤੇ ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਪੈਦਾ ਕਰਨ ਲਈ ਯਤਨ ਕਰ ਰਹੀਆਂ ਹਨ। ਇਸ ਦੇ ਨਾਲ-ਨਾਲ ਮਾਪੇ ਅਤੇ ਸਮਾਜ ਨੂੰ ਵੀ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਪੈਦਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਕਿਉਂਕਿ ਕਈ ਵਾਰ ਅਨੁਸ਼ਾਸਨਹੀਣਤਾ ਦੇ ਕਾਰਨ ਹੀ ਕਈ ਬੱਚੇ ਨਸ਼ਿਆਂ ਦੀ ਦਲ ਦਲ ਵਿੱਚ ਫਸ ਜਾਂਦੇ ਹਨ ਜਾਂ ਫਿਰ ਬੁਰੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ। ਵਿਦਿਆਰਥੀ ਜੀਵਨ ਵਿੱਚ ਹੀ ਨਸ਼ਿਆਂ ਦੇ ਆਦੀ ਹੋਏ ਬੱਚੇ ਸਦਗੁਣਾਂ ਤੋਂ ਦੂਰ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਸਾਨੂੰ



ਇਹ ਸਮਝਣਾ ਚਾਹੀਦਾ ਹੈ ਕਿ ਸਿਰਫ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਸਭ ਲਈ ਅਨੁਸ਼ਾਸਨ ਦੀ ਪਾਲਣਾ ਕਰਨੀ ਬਹੁਤ ਜਰੂਰੀ ਹੈ। ਉਹਨਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧਿਆਪਕਾਂ ਅਤੇ ਮਾਪਿਆਂ ਆਗਿਆ ਦਾ ਪਾਲਣ ਕਰਦੇ ਹੋਏ ਅਨੁਸ਼ਾਸਨ ਵਿੱਚ ਰਹਿਣ ਤਾਂ ਜੋ ਉਹ ਸਫਲਤਾ ਦੀਆਂ ਉੱਚੀਆਂ ਮੰਜਿਲਾਂ ਨੂੰ ਛੂਹ ਸਕਣ ਅਤੇ ਖੁਸ਼ਹਾਲ ਜੀਵਨ ਦਾ ਆਨੰਦ ਮਾਣ ਸਕਣ।

# ਚੰਡੀਗੜ੍ਹ ਪੁਲਿਸ ਹੁਣ ਨਹੀਂ ਕੱਟੇਗੀ ਵਾਹਨਾਂ ਦੇ ਚਲਾਨ: ਸਗੋਂ ਹੁਣ ਚਲਾਨ ਸਿਰਫ਼ ਕੈਮਰਿਆਂ ਰਾਹੀਂ ਕੀਤੇ ਜਾਣਗੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com

ਹੁਣ ਚੰਡੀਗੜ੍ਹ ਵਿੱਚ ਟ੍ਰੈਫਿਕ ਪੁਲਿਸ ਕਰਮਚਾਰੀ (Chandigarh Police) ਸੜਕ 'ਤੇ ਕਿਸੇ ਵੀ ਵਾਹਨ ਨੂੰ ਨਹੀਂ ਰੋਕਣਗੇ ਅਤੇ ਨਾ ਹੀ ਚਲਾਨ ਕਰਨਗੇ। ਡੀਜੀਪੀ ਸਾਗਰ ਪ੍ਰੀਤ ਹੁੱਡਾ ਨੇ ਸਖ਼ਤ ਹੁਕਮ ਜਾਰੀ ਕਰਕੇ ਕਿਹਾ ਹੈ ਕਿ ਟ੍ਰੈਫਿਕ ਲਾਈਟ ਪੁਆਇੰਟਾਂ ਅਤੇ ਚੌਰਾਹਿਆਂ 'ਤੇ ਤਾਇਨਾਤ ਪੁਲਿਸ ਕਰਮਚਾਰੀ ਸਿਰਫ਼ ਟ੍ਰੈਫਿਕ ਕੰਟਰੋਲ ਦਾ ਕੰਮ ਕਰਨਗੇ, ਉਨ੍ਹਾਂ ਨੂੰ ਕਿਸੇ ਵੀ ਵਾਹਨ ਨੂੰ ਰੋਕਣ ਜਾਂ ਚਲਾਨ ਜਾਰੀ ਕਰਨ ਦਾ ਅਧਿਕਾਰ ਨਹੀਂ ਹੋਵੇਗਾ।

ਜੇਕਰ ਕੋਈ ਪੁਲਿਸ ਕਰਮੀ (Chandigarh Police) ਕਿਸੇ ਵਾਹਨ ਨੂੰ ਰੋਕਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਫੈਸਲਾ ਸੈਕਟਰ-9 ਸਥਿਤ ਪੁਲਿਸ ਹੈੱਡਕੁਆਰਟਰ ਵਿਖੇ ਡੀਜੀਪੀ ਦੀ ਪ੍ਰਧਾਨਗੀ ਹੇਠ ਹੋਈ ਅਧਿਕਾਰੀਆਂ ਦੀ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਤੋਂ ਤੁਰੰਤ ਬਾਅਦ, ਟ੍ਰੈਫਿਕ ਵਿੰਗ ਨੂੰ ਸੁਨੇਹਾ ਭੇਜਿਆ ਗਿਆ ਕਿ ਹੁਣ ਕੋਈ ਵੀ ਟ੍ਰੈਫਿਕ ਪੁਲਿਸ ਕਰਮਚਾਰੀ ਸ਼ਹਿਰ ਵਿੱਚ ਵਾਹਨਾਂ ਨੂੰ ਨਹੀਂ ਰੋਕੇਗਾ।

ਚੰਡੀਗੜ੍ਹ ਸਮਾਰਟ ਸਿਟੀ ਪ੍ਰੋਜੈਕਟ ਦੇ ਤਹਿਤ, ਸ਼ਹਿਰ ਵਿੱਚ ਹੁਣ ਤੱਕ ਕੁੱਲ 2,130 ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਇਨ੍ਹਾਂ ਵਿੱਚੋਂ 1,433 ਕੈਮਰੇ ਸਿੱਧੇ ਪੁਲਿਸ ਕੰਟਰੋਲ ਰੂਮ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ, 40 ਪ੍ਰਮੁੱਖ ਥਾਵਾਂ 'ਤੇ ਲਗਾਏ ਗਏ 1,015 ITMS ਕੈਮਰਿਆਂ ਵਿੱਚੋਂ, 159 ਕੈਮਰੇ ਲਾਲ ਬੱਤੀਆਂ ਟੱਪਣ ਵਾਲਿਆਂ ਦੀ ਪਛਾਣ ਕਰਦੇ ਹਨ।

ਟ੍ਰੈਫਿਕ ਪੁਲਿਸ ਹੁਣ ਇਨ੍ਹਾਂ ਕੈਮਰਿਆਂ ਰਾਹੀਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਚਲਾਨ ਜਾਰੀ ਕਰੇਗੀ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਜਦੋਂ ਇੰਨੇ ਸਾਰੇ ਕੈਮਰੇ ਲਗਾਏ ਗਏ ਹਨ, ਤਾਂ ਟ੍ਰੈਫਿਕ ਪੁਲਿਸ ਲਈ ਸੜਕ 'ਤੇ ਖੜ੍ਹੇ ਹੋ ਕੇ ਚਲਾਨ ਜਾਰੀ ਕਰਨਾ ਸਮਝ ਤੋਂ ਬਾਹਰ ਹੈ।

ਟ੍ਰੈਫਿਕ ਪ੍ਰਣਾਲੀ ਨੂੰ ਹੋਰ ਸਮਾਰਟ ਬਣਾਉਣ ਲਈ, ਟ੍ਰੈਫਿਕ ਲਾਈਟ ਪੁਆਇੰਟਾਂ 'ਤੇ ਆਟੋਮੈਟਿਕ ਕਤਾਰ ਖੋਜ ਸਿਸਟਮ (QDS) ਵੀ ਲਗਾਇਆ ਗਿਆ ਹੈ। ਇਹ ਸਿਸਟਮ ਸੜਕ 'ਤੇ ਵਾਹਨਾਂ ਦੀ ਗਿਣਤੀ ਦੇ ਆਧਾਰ 'ਤੇ ਟ੍ਰੈਫਿਕ ਲਾਈਟ ਦਾ ਸਮਾਂ ਆਪਣੇ ਆਪ ਤੈਅ ਕਰੇਗਾ। ਇਹ ਤਕਨਾਲੋਜੀ 40 ਪ੍ਰਮੁੱਖ ਟ੍ਰੈਫਿਕ ਪੁਆਇੰਟਾਂ 'ਤੇ 163 ਥਾਵਾਂ 'ਤੇ ਲਗਾਈ ਗਈ ਹੈ।

ਪ੍ਰਸ਼ਾਸਕ ਅਤੇ ਡੀਜੀਪੀ ਨੂੰ ਸ਼ਿਕਾਇਤ ਮਿਲੀ ਸੀ ਕਿ ਚੰਡੀਗੜ੍ਹ ਪੁਲਿਸ ਬਾਹਰੀ ਰਾਜਾਂ, ਖਾਸ ਕਰਕੇ ਪੰਜਾਬ ਅਤੇ ਹਰਿਆਣਾ ਤੋਂ ਆਉਣ ਵਾਲੇ ਵਾਹਨਾਂ ਨੂੰ ਰੋਕਦੀ ਹੈ ਅਤੇ ਚਲਾਨ ਜਾਰੀ ਕਰਦੀ ਹੈ ਅਤੇ ਡਰਾਈਵਰਾਂ ਨੂੰ ਪਰੇਸ਼ਾਨ ਕਰਦੀ ਹੈ। ਮਾਮਲੇ ਦੀ ਜਾਂਚ ਕੀਤੀ ਗਈ ਅਤੇ ਪਾਇਆ ਗਿਆ ਕਿ ਬਹੁਤ ਸਾਰੇ ਪੁਲਿਸ ਕਰਮਚਾਰੀ ਬਾਹਰੀ ਵਾਹਨਾਂ ਨੂੰ ਨਿਸ਼ਾਨਾ ਬਣਾ ਰਹੇ ਸਨ। ਇਸ ਕਾਰਨ, ਇਹ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ।

# ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਮੁਕਾਬਲੇ ਕਰਵਾਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com




ਲੌਂਗੋਵਾਲ,5 ਅਗਸਤ (ਜਗਸੀਰ ਸਿੰਘ)- ਚੀਮਾ ਬਲਾਕ ਦੇ ਅਧੀਨ ਸ਼ਹੀਦ ਭਗਵਾਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ), ਲੌਂਗੋਵਾਲ ਵਿੱਚ ਬਲਾਕ ਪੱਧਰੀ ਆਰਟੀਫੀਸ਼ੀਅਲ ਇੰਟੈਲੀਜੈਂਸ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਹ ਪਹਿਲ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਟ ਮੰਤਰੀ ਸ੍ਰੀ ਅਮਨ ਅਰੋੜਾ ਜੀ ਦੀ ਦੂਰਦਰਸ਼ੀ ਸੋਚ ਹੇਠ ਵਿਦਿਆਰਥੀਆਂ ਵਿਚ ਨਵੀਨਤਾ ਅਤੇ ਡਿਜੀਟਲ ਸੋਚ ਨੂੰ ਉਤਸ਼ਾਹਤ ਕਰਨ ਲਈ ਸ਼ੁਰੂ ਕੀਤੀ ਗਈ ਹੈ ।ਚੀਮਾ ਬਲਾਕ ਦੇ ਵੱਖ-ਵੱਖ ਸਕੂਲਾਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀਆਂ ਰਚਨਾਤਮਕ ਤੇ ਤਕਨੀਕੀ ਯੋਗਤਾਵਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਅਧਾਰਤ ਪ੍ਰੋਜੈਕਟਾਂ ਰਾਹੀਂ ਦਰਸਾਇਆ।

ਨਤੀਜੇ ਜੂਨੀਅਰ ਵਰਗ (ਕਲਾਸ 9ਵੀਂ–10ਵੀਂ): ਪਹਿਲਾ ਸਥਾਨ – ਸਾਹਿਬਪ੍ਰੀਤ ਸਿੰਘ ਅਤੇ ਅਕਾਸ਼ਦੀਪ ਸਿੰਘ (ਸ਼ਹੀਦ ਭਾਈ ਮਤੀ ਦਾਸ ਸਕੂਲ ਆਫ ਐਮੀਨੈਂਸ, ਲੌਂਗੋਵਾਲ) ਪ੍ਰੋਜੈਕਟ: ਸਮਾਰਟ ਬਲਾਈਂਡ ਸਟਿਕ ਦੂਜਾ ਸਥਾਨ – ਪ੍ਰਭਦੀਪ ਕੌਰ ਅਤੇ ਸਿਮਰਣਜੀਤ ਕੌਰ (ਸ਼ਹੀਦ ਭਗਵਾਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੀਆਂ, ਲੌਂਗੋਵਾਲ) – ਪ੍ਰੋਜੈਕਟ: ਰੁਕਾਵਟ ਤੋਂ ਬਚਣ ਵਾਲੀ ਗੱਡੀ ਤੀਜਾ ਸਥਾਨ – ਰਾਜਵੀਰ ਕੌਰ ਅਤੇ ਕੁਲਵਿੰਦਰ ਸਿੰਘ (ਸਰਕਾਰੀ ਹਾਈ ਸਕੂਲ, ਟੋਲਾਵਾਲ) – ਪ੍ਰੋਜੈਕਟ: ਵਿਗਿਆਨਿਕ ਡਰ ਨਤੀਜੇ – ਸੀਨੀਅਰ ਵਰਗ (ਕਲਾਸ 11ਵੀਂ–12ਵੀਂ): ਪਹਿਲਾ ਸਥਾਨ – ਹਸੀਨਾ ਅਤੇ ਮਲਕੀਤ ਕੌਰ (ਸ਼ਹੀਦ ਭਾਈ ਮਤੀ ਦਾਸ ਸਕੂਲ ਆਫ ਐਮੀਨੈਂਸ, ਲੌਂਗੋਵਾਲ) ਪ੍ਰੋਜੈਕਟ: ਰੁਕਾਵਟ ਤੋਂ ਬਚਣ ਵਾਲੀ ਗੱਡੀ ਦੂਜਾ ਸਥਾਨ – ਗੀਤਾਂਜਲੀ ਅਤੇ ਗੁਰਲੀਨ ਕੌਰ (ਸ਼ਹੀਦ ਭਗਵਾਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੀਆਂ, ਲੌਂਗੋਵਾਲ) ਪ੍ਰੋਜੈਕਟ: ਐਮਰਜੈਂਸੀ ਬ੍ਰੇਕ ਸਿਸਟਮ ਤੀਜਾ ਸਥਾਨ (ਸਾਂਝਾ), ਸਾਹਿਲਪ੍ਰੀਤ ਕੌਰ ਅਤੇ ਹਰਪ੍ਰੀਤ ਕੌਰ (ਸਰਕਾਰੀ ਮਾਡਲ ਸਕੂਲ, ਸ਼ੇਰੋਂ): ਸਵੈਚਾਲਕ ਬਾਗਬਾਨੀ,ਮਨੀਸ਼ਾ ਅਤੇ ਅਮ੍ਰਿਤਪਾਲ ਕੌਰ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਰੋਂ) – ਪ੍ਰੋਜੈਕਟ: ਘਰ ਦੀ ਸੁਰੱਖਿਆ ਸਨੂਈ ਮੁਕਾਬਲੇ ਦੇ ਜੱਜ ਸਨ: ਸ਼੍ਰੀਮਤੀ ਰਵਜੀਤ ਕੌਰ, ਲੈਕਚਰਾਰ ਰਸਾਇਣ ਵਿਗਿਆਨ, ਸ਼ਹੀਦ ਭਾਈ ਮਤੀ ਦਾਸ ਸਕੂਲ ਆਫ ਐਮੀਨੈਂਸ, ਲੌਂਗੋਵਾਲ,ਸਰਦਾਰ ਵਿਕਰਮਜੀਤ ਸਿੰਘ, ਲੈਕਚਰਾਰ ਭੌਤਿਕ ਵਿਗਿਆਨ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ੇਰੋਂ,ਸ਼੍ਰੀਮਤੀ ਈਸ਼ਾ ਧਵਨ, ਸਾਇੰਸ ਮਿਸਟ੍ਰੈੱਸ, ਸ਼ਹੀਦ ਭਗਵਾਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੀਆਂ, ਲੌਂਗੋਵਾਲ

ਸਕੂਲ ਦੀ ਪ੍ਰਿੰਸੀਪਲ ਕਰਮਜੀਤ ਕੌਰ ਵੱਲੋਂ ਨਤੀਜਿਆਂ ਦੀ ਘੋਸ਼ਣਾ ਕੀਤੀ ਗਈ ਅਤੇ ਸਾਰੇ ਵਿਦਿਆਰਥੀਆਂ ਦੀ ਮਿਹਨਤ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ ਗਈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੋਰ ਉੱਚੀਆਂ ਉਡਾਣਾਂ ਭਰਨ ਲਈ ਉਤਸ਼ਾਹਿਤ ਕੀਤਾ।

ਇਹ ਮੁਕਾਬਲਾ ਵਿਦਿਆਰਥੀਆਂ ਲਈ ਨਿਰਣਾਇਕ ਅਨੁਭਵ ਸਾਬਤ ਹੋਇਆ, ਜਿਸ ਵਿੱਚ ਉਨ੍ਹਾਂ ਨੇ ਆਪਣੀ ਕਾਬਲੀਅਤ ਅਤੇ ਨਵੀਨਤਾ ਨੂੰ ਦਰਸਾ ਕੇ ਸਭ ਦਾ ਮਨ ਮੋਹ ਲਿਆ।

# ਪੰਜਾਬ ਤੇ ਲਗਾਤਾਰ ਵਧ ਰਹੇ ਕਰਜੇ ਨੂੰ ਲੈ ਕੇ ਮਾਨ ਸਰਕਾਰ ਖਿਲਾਫ ਕੀਤਾ ਪ੍ਰਦਰਸ਼ਨ

## ਮਾਨ ਸਰਕਾਰ ਪੰਜਾਬ ਨੂੰ ਇੱਕ ਦਿਨ ਗਿਰਵੀ ਰੱਖ ਦੇਵੇਗੀ — ਕਾਕਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਅਗਸਤ INTERNATIONAL PAPER, 94636 01616 hardipchumber57@gmail.com



